# ਕ੍ਰੈਡਿਟ ਕਾਰਡ ਸਹੂਲਤਾਂ ਨੂੰ ਨਿਯੰਤ੍ਰਿਤ ਕਰਨ ਵਾਲੇ ਨਿਯਮ ਸ਼ਰਤਾਂ

ਇਹ ਨਿਯਮ ਅਤੇ ਸ਼ਰਤਾਂ ICICI ਬੈਂਕ ਲਿਮਿਟਿਡ ਕ੍ਰੈਡਿਟ ਕਾਰਡ ਸਹੂਲਤਾਂ 'ਤੇ ਲਾਗੂ ਹੁੰਦੀਆਂ ਹਨ ਅਤੇ ਉਹਨਾਂ ਦੇ ਪ੍ਰਬੰਧ ਨੂੰ ਵਿਵਸਥਤ ਕਰਦੀਆਂ ਹਨ ।

## I. ਪਰਿਭਾਸ਼ਾਵਾਂ ਅਤੇ ਵਿਆਖਿਆ

- ''ਐਫ਼ਲੀਏਟ'' ਤੋਂ ਭਾਵ ਇਹ ਹੈ ਅਤੇ ਇਸ ਵਿੱਚ ਸ਼ਾਮਲ ਹਨ :
  - ਕੋਈ ਵੀ ਕੰਪਨੀ ਜੋ ICICI ਬੈਂਕ ਦੀ ਨਿਯੰਤ੍ਰਕ ਜਾਂ ਸਹਾਇਕ ਕੰਪਨੀ ਹੈ, ਜਾਂ
  - ICICI ਬੈਂਕ ਦੇ ਨਿਯੰਤ੍ਰਣ ਹੇਠ ਜਾਂ ਸਾਂਝੇ ਨਿਯੰਤ੍ਰਣ ਹੇਠ ਕੋਈ ਵਿਅਕਤੀ, ਜਾਂ
  - ਕੋਈ ਵਿਅਕਤੀ, ਜਿਸ ਦੀਆਂ ਮਤਦਾਨ ਜ਼ਾਮਨੀਆਂ ਵਿੱਚ 26% ਜਾਂ ਵਧੇਰੇ ਵਿੱਚ, ICICI ਬੈਂਕ ਦਾ ਸਿੱਧਾ ਜਾਂ ਲਾਹੇਵੰਦ ਹਿੱਤ ਜਾਂ ਨਿਯੰਤ੍ਰਣ ਹੈ ।

ਐਫ਼ੀਲੀਏਟ ਦੀ ਪ੍ਰਰਿਭਾਸ਼ਾ ਦੇ ਉਦੇਸ਼ ਵਾਸਤੇ, ''ਕੰਟਰੋਲ'' ਨੂੰ ਜਦੋਂ ਕਿਸੇ ਵਿਅਕਤੀ ਦੇ ਸਬੰਧਤ ਵਿੱਚ ਵਰਤਿਆ ਜਾਂਦਾ ਹੈ, ਤਾਂ ਇਸ ਦਾ ਭਾਵ ਹੈ ਸਿੱਧੇ ਜਾਂ ਅਸਿੱਧੇ ਤੌਰ 'ਤੇ ਭਾਵੇਂ ਵੋਟ ਰੱਖਣ ਵਾਲੀਆਂ ਜ਼ਾਮਨੀਆਂ ਦੀ ਮਾਲਕੀ ਰਾਹੀਂ, ਇਕਰਾਰਨਾਮੇ ਰਾਹੀਂ ਜਾਂ ਓਦਾਂ ਕਿਸੇ ਵੀ ਹੱਦ ਤੱਕ ਅਜਿਹੇ ਵਿਅਕਤੀ ਦੀ ਮੈਨੇਜਮੈਂਟ ਅਤੇ ਨੀਤੀਆਂ ਨੂੰ ਨਿਰਦੇਸ਼ਿਤ ਕਰਨ ਦੀ ਤਾਕਤ, ਅਤੇ ''ਵਿਅਕਤੀ'' ਤੋਂ ਭਾਵ ਹੈ ਕੋਈ ਵੀ ਵਿਅਕਤੀ, ਕੰਪਨੀ, ਫ਼ਰਮ, ਕਾਰਪੋਰੇਸ਼ਨ, ਟ੍ਰਸਟ ਜਾਂ ਕੋਈ ਹੋਰ ਸੰਸਥਾ ਜਾਂ ਸੰਗਠਨ ਜਾਂ ਹੋਰ ਕੁਦਰਤੀ ਜਾਂ ਕਾਨੂੰਨੀ ਵਿਅਕਤੀ ।

- **''ਐਪਲੀਕੈਂਟ'' ("Applicant")** ਮਤਲਬ ਉਹ ਵਿਅਕਤੀ ਜਿਸ (ਜਹਨਾਂ) ਨੇ ICICI Bank ਨੂੰ ਕਿਸੇ ਕਾਰਡ ਲਈ ਅਰਜੀ ਦਿੱਤੀ ਹੈ । ਇੱਕ ਕਾਰਪੋਰੇਟ ਕ੍ਰੈਡਿਟ ਕਾਰਡ ਦੀ ਸਥਿਤੀ ਵਿੱਚ ਇਸ ਦਾ ਮਤਲਬ ਹੋਵੇਗਾ ਉਹ ਵਿਅਕਤੀ ਜਿਸ (ਜਿਹਨਾਂ) ਦਾ ਨਾਮ ਕੰਪਨੀ ਵੱਲੋਂ ਜਮ੍ਹਾਂ ਕਰਵਾਏ ਗਏ ਅਰਜ਼ੀ ਫ਼ਾਰਮ ਵਿੱਚ ਦਿੱਤਾ ਗਿਆ ਹੈ ।
- ''ਆਥੋਰਾਈਜ਼ਡ ਡੀਲਰ'' **("Authorised Dealer")** ਤੋਂ ਭਾਵ ਹੈ ਸਮੇਂ-ਸਮੇਂ 'ਤੇ ਸੋਧੇ ਜਾਂਦੇ ਫ਼ੌਰਨ ਐਕਸਚੇਂਜ ਮੈਨੇਜਮੈਂਟ ਐਕਟ, 1999 (Foreign Exchange Managment Act, 1999), ਵਿੱਚ ਦਿੱਤੀ ਪਰਿਭਾਸ਼ਾ ਮੁਤਾਬਕ ਕੋਈ ਆਥੋਰਾਈਜ਼ਡ ਡੀਲਰ ।
- **''ਬਿਜ਼ਨਸ ਡੇਅ'' ("Business Day")** ਤੋਂ ਭਾਵ ਹੈ ਕੋਈ ਦਿਨ ਜਦੋਂ ਐਪਲੀਕੇਸ਼ਨ ਫ਼ਾਰਮ ਵਿੱਚ ਦੱਸੇ ਗਏ ICICI ਬੈਂਕ ਦਾ ਸਬੰਧਤ ਦਫ਼ਤਰ,ਜਾਂ ਜਿਸ ਦੇ ਰਾਹੀਂ ਕਾਰਡ ਮੁਹੱਈਆਂ ਕਰਾਇਆ ਜਾਂਦਾ ਹੈ ਜਾਂ ਸ਼ਾਇਦ ਕਾਰਡ ਮੈਂਬਰ ਨੂੰ ICICI ਬੈਂਕ ਵੱਲੋਂ ਸੂਚਤ ਕੀਤਾ ਗਿਆ ਕੋਈ ਹੋਰ ਦਫ਼ਤਰ, ਆਮ ਕਾਰੋਬਾਰੀ ਲੈਣ-ਦੇਣ ਲਈ ਖੁੱਲ੍ਹਾ ਹੁੰਦਾ ਹੈ ।
- **''ਕਾਰਡ''** ਜਾਂ ''ਕ੍ਰੈਡਿਟ ਕਾਰਡ'' ਜਾਂ ''**EMI** ਕਾਰਡ'' ਜਾਂ ''ਕਾਰਪੋਰੇਟ ਕ੍ਰੈਡਿਟ ਕਾਰਡ'' ਜਾਂ ''ਆਨਲਾਈਨ ਕ੍ਰੇਡਿਟ ਕਾਰਡ'' ਜਾਂ ''ਬਿਜ਼ਨਸ ਕਾਰਡ'' ਤੋਂ ਭਾਵ ਹੈ ICICI ਬੈਂਕ ਵੱਲੋਂ ਐਪਲੀਕੈਂਟ ਦੀ ਬੇਨਤੀ 'ਤੇ ਜਾਰੀ ਕੀਤਾ ਗਿਆ ਇੱਕ ICICI ਬੈਂਕ VISA/ AMEX/ ਮਾਸਟਰਕਾਰਡ ਕ੍ਰੈਡੀਟ ਕਾਰਡ ਜਾਂ ਕੋਈ ਹੋਰ ਕ੍ਰੈਡਿਟ ਕਾਰਡ ।
- **"APIN"** ਤੋਂ ਭਾਵ ਹੈ ਕਾਰਡ ਮੈਂਬਰ ਨੂੰ ICICI ਬੈਂਕ ਵੱਲੋਂ ਨਿਯਤ ਕੀਤਾ ਗਿਆ ਜਾਂ ਕਾਰਡ ਮੈਂਬਰ/ICICI ਬੈਂਕ ਵੱਲੋਂ ਸਮੇਂ-ਸਮੇਂ 'ਤੇ, ਕਾਰਡ ਦੇ ਸਬੰਧ ਵਿੱਚ ਚੁਣਿਆ ਗਿਆ ਪਰਸਨਲ ਆਈਡੈਂਟੀਫ਼ਿਕੇਸ਼ਨ ਨੰਬਰ (Personal Identification Number) ।
- **''ਕਾਰਡ ਆਕਾਊਂਟ'' ("Card Account")** ਤੋਂ ਭਾਵ ਹੈ ਕਾਰਡ ਦੇ ਨਾਮ 'ਤੇ ਖੋਲ੍ਹਿਆ ਗਿਆ ਅਤੇ ICICI ਬੈਂਕ ਵੱਲੋਂ ਇਸ ਵਿੱਚ ਸ਼ਾਮਲ ਨਿਯਮਾਂ ਅਤੇ ਸ਼ਰਤਾਂ ਦੇ ਮੁਤਾਬਕ ਕ੍ਰੈਡਿਟ ਕਾਰਡ ਦੀ ਵਰਤੋਂ ਦੇ ਉਦੇਸ਼ ਲਈ ਕਾਇਮ ਰੱਖਿਆ ਗਿਆ ਖਾਤਾ ।

- ''**ਕੈਸ਼–ਲਿਮਿਟ**'' **("Cash-Limit")** ਤੋਂ ਭਾਗਵ ICICI ਬੈਂਕ ਵੱਲੋਂ ਪਰਿਭਾਸ਼ਤ ਕੀਤੀ ਜਾਂ ਨਿਰਧਾਰਤ ਕੀਤੀ ਨਕਦ ਜਾਂ ਨਕਦ ਦੇ ਬਰਾਬਰਦੀ ਵੱਧ ਤੋਂ ਵੱਧ ਰਕਮ, ਜੋ ਕਿ ਕਾਰਡ ਮੈਂਬਰ ਆਪਣੇ ਕਾਰਡ ਆਕਾਊਂਟ 'ਤੇ ਕਢਣਾ ਸਕਦਾ ਹੈ। ਕੈਸ਼–ਲਿਮਿਟ ਕਾਰਡ ਮੈਂਬਰ ਦੀ ਕ੍ਰੈਡਿਟ ਲਿਮਿਟ/ਪਰਚੇਜ਼ ਲਿਮਿਟ ਦਾ ਇੱਕ ਉਪ ਸਮੂਹ ਬਣਾਉਂਦਾਹੈ।

- ''**ਚਾਰਜਜ਼**'' ਦਾ ਮਤਲਬ ਹੈ ਐਸੇ ਚਾਰਜਜ਼ ਜੋ ਇੱਥੋਂ ਦੀ ਧਾਰਾ ਣਖ ਵਿੱਚ ਪ੍ਰਗਟ ਹਨ ਜਾਂ ਇਹਨਾਂ ਨਿਯਮਾਂ ਅਤੇ ਸ਼ਰਤਾਂ ਵਿੱਚ ਕਿਤੇ ਵੀ ਬਿਆਨੇ ਗਏ ਹਨ। ਇਥੇ ਦਰਸਾਏ ਚਾਰਜਜ਼ ਦਾ ਸਾਰਾ ਵੇਰਵਾ ਉਸ ਦੇ ਅਨੁਕੂਲ ਹੋਏਗਾ ਜਿਵੇਂ ਕਿ ਟੈਰਿਫ਼ ਐਨੇਕਸਚਰ ਵਿੱਚ ਪ੍ਰਾਵਧਾਨ ਕੀਤਾ ਗਿਆ ਹੈ, ਨਹੀਂ ਤਾਂ ਖਾਸ ਤੌਰ 'ਤੇ ਕਾਰਡ ਮੈਂਬਰ ਨੂੰ ਸੂਚਿਤ ਕੀਤੇ ਅਨੁਸਾਰ, ਜਿਵੇਂ ਕਿ ਸਮੇਂ ਸਮੇਂ 'ਤੇ ਸੰਸ਼ੋਧਿਤ ਕੀਤਾ ਜਾਏ।

- ''**ਕੰਪਨੀ**'' ਦਾ ਮਤਲਬ ਹੈ ਇੱਕ ਕੰਪਨੀ ਜਿਵੇਂ ਕਿ ਕੰਪਨੀਜ਼ ਐਕਟ 1956 ਵਿੱਚ, ਜਿਵੇਂ ਕਿ ਸਮੇਂ ਸਮੇਂ 'ਤੇ ਸੰਸ਼ੋਧਿਤ ਕੀਤਾ ਗਿਆ ਹੋਵੇ, ਪਰੀਪਾਸ਼ਿਤ ਕੀਤਾ ਗਿਆ ਹੈ ਅਤੇ ਕਾਰਪੋਰੇਟ ਕ੍ਰੈਡਿਟ ਕਾਰਡਾਂ ਦੇ ਮਤਲਬ ਲਈ ਇੱਕ ਅਵੇਦਨ ਕਰਤਾ।

- ''**ਕ੍ਰੈਡਿਟ–ਲਿਮਿਟ/ਪਰਚੇਜ਼ ਲਿਮਿਟ**'' **(Credit-Limit / Purchase Limit")** ਤੋਂ ਭਾਵ ਹੈ ਉਹ ਹੱਦ ਜਿੱਥੋਂ ਤੱਕ ਕਾਰਡ ਮੈਂਬਰ ਨੂੰ ਆਪਣੇ ਕਾਰਡ ਉੱਪਰ ਖਰਚ ਕਰਨ ਦਾ ਅਧਿਕਾਰ ਪ੍ਰਾਧਤ ਹੈ।

- ''**ICICI ਬੈਂਕ**'' 24–ਘੰਟੇ ਕਸਟਮਰ ਕੇਅਰ ਸੈਂਟਰ **"ICICI Bank 24-Hour Customer Care Centre")** ਤੋਂ ਭਾਵ ਹੈ ਕਾਰਡ ਮੈਂਬਰਾਂ ਨੂੰ ICICI ਬੈਂਕ ਵੱਲੋਂ ਮੁਹੱਈਆ ਕੀਤੀ ਜਾਂਦੀ ICICI ਬੈਂਕ–ਫ਼ੋਨ ਬੈਂਕਿੰਗ ਸੇਵਾਵ।

- ''**ਇਨਫ਼ਿਨਿਟੀ**'' **("Infinity")** ਤੋਂ ਭਾਵ ਹੈ ICICI ਬੈਂਕ ਦੀ ਮਾਲਕੀ ਵਾਲੀ, ਇਸ ਵੱਲੋਂ URL www.icicibank.com 'ਤੇ ਬਣਾਈ ਗਈ ਅਤੇ ਸੰਭਾਲੀ ਜਾਂਦੀ ICICI ਬੈਂਕ ਦੀ ਇੰਟਰਨੈੱਟ ਬੈਂਕਿੰਗ ਸੇਵਾ/ਵੈਬਸਾਈਟ।

- ''**ਇੰਸ਼ੋਰੈਂਸ ਕੰਪਨੀ**'' **("Insurance Company")** ਤੋਂ ਭਾਵ ਹੈ ICICI ਲੋਂਬਾਰਡ ਜਨਰਲ ਇੰਸ਼ੋਰੈਂਸ ਕੰਪਨੀ ਲਿਮਿਟਿਡ ਜਾਂ ਕੋਈ ਇੰਸ਼ੋਰੈਂਸ ਕੰਪਨੀ, ਜਿਸ ਬਾਰੇ ICICI ਬੈਂਕ ਵੱਲੋਂ ਸਮੇਂ–ਸਮੇਂ 'ਤੇ ਫ਼ੈਸਲਾ ਕੀਤਾ ਜਾ ਸਕਦਾ ਹੈ।

- ''**ਮੈਂਬਰ**'' ਜਾਂ ''**ਕਾਰਡਹੋਲਡਰ**'' ਜਾਂ ''**ਕਾਰਡ ਮੈਂਬਰ**'' ਤੋਂ ਭਾਵ ਹੈ ਉਮੀਦਵਾਰ ਜਿਸਨੂੰ ਉਸਦੇ ਨਾਮਵਾਲਾ ਕੋਈ ਕਾਰਡ ਜਾਰੀ ਕੀਤਾ ਜਾਂਦਾ ਹੈ ਅਤੇ ਜੋ ਅਜਿਹੇ ਕਾਰਡ ਨੂੰ ਰਖਦਾ ਹੈ।

- ''**ਮਰਚੈਂਟ ਐਸਬਲਿਸ਼ਮੈਂਟ**'' **("Merchant Establishment")** ਤੋਂ ਭਾਵ ਹੈ ਕਿਤੇ ਵੀ ਸਥਿਤ ਉਹ ਸੰਸਥਾ ਜੋ ਕਾਰਡ ਨੂੰ ਸਵੀਕਾਰ ਕਰਦੀ ਹੈ ਅਤੇ ਇਸ ਵਿੱਚ ਹੋਰ ਸੰਸਥਾਵਾਂ, ਸਟੋਰ, ਦੁਕਾਨਾਂ, ਰੈਸਟੋਰੈਂਟ, ਹੋਟਲ ਏਅਰਲਾਈਨਾਂ ATMs ਸਮੇਤ ਪੈਸੇ ਕਢਵਾਉਣ ਵਾਲੀਆਂ ਥਾਵਾਂ ਅਤੇ ਡਾਕ ਰਾਹੀਂ ਚੀਜ਼ਾਂ ਦੀ ਖਰੀਦ–ਵੇਚ ਕਰਨ ਵਾਲੇ ਵਿਗਿਆਪਨਦਾਤਾ (ਭਾਵੇਂ ਪਰਚੂਨ ਵਿਕਰੇਤਾ ਹੋਣ, ਵਿਤਰਕ ਜਾਂ ਨਿਰਮਾਤਾ ਹੋਣ) ਸ਼ਾਮਲ ਹੁੰਦੇ ਹਨ।

- ''**ਮਰਚੈਂਟ**'' **("Merchant")** ਤੋਂ ਭਾਵ ਹੈ ਕੋਈ ਵੀ ਵਿਅਕਤੀ ਜੋ ਮਰਚੈਂਟ ਐਸਟੈਬਲਿਸ਼ਮੈਂਟ ਦਾ ਮਾਲਕ ਹੋਵੇ ਜਾਂ ਇਸਨੂੰ ਪ੍ਰਬੰਧ ਦੇਖਦਾ ਹੋਵੇ ਜਾਂ ਇਸਨੂੰ ਚਲਾਉਂਦਾ ਹੋਵੇ, ਇਸ ਉੱਤਰਾਅਧਿਕਾਰੀ ਅਤੇ ਮੰਜ਼ੂਰਸ਼ੁਦਾ ਪ੍ਰਤਿਨਿਧੀ ਜਾਂ ਮੁਖ਼ਤਾਰਾ।

- ''**ਘੱਟੋ–ਘੱਟ ਦੇਣਯੋਗ ਰਾਸ਼ੀ**'' **(Minimum Amount Due)** ਜਾਂ **"MAD"** ਤੋਂ ਭਾਵ ਹੈ ਸਟੇਟਮੈਂਟ ਵਿੱਚ ਇਸ ਵਜੋਂ ਦੱਸੀ ਗਈ ਰਾਸ਼ੀ।

- ''**ਕੁੱਲਹ ਦੇਣਯੋਗ ਰਾਸ਼ੀ ("Total Amoumt Due")** ਜਾਂ **"TAD"** ਤੋਂ ਭਾਵ ਹੈ ਸਟੇਟਮੈਂਟ ਵਿੱਚ ਇਸ ਵਜੋਂ ਦੱਸੀ ਗਈ ਰਾਸ਼ੀ।

- ''**ਭੁਗਤਾਨ ਦੀ ਦੇਣਯੋਗ ਤਾਰੀਖ**'' **(Payment Due Date")** ਤੋਂ ਭਾਵ ਹੈ ਹਰ ਮਹੀਨੇ ਦੀ ਉਹ ਤਾਰੀਖ਼, ਜਦੋਂ ਸਟੇਟਮੈਂਟ ਰਾਹੀਂ ਸੂਚਤ ਕੀਤੇ ਜਾਣ ਮੁਤਾਬਕ ਕਾਰਡ ਮੈਂਬਰ ਵੱਲੋਂ ਕਾਰਡ ਦੀ ਵਰਤੋਂ ਕਰਨ ਦੁਆਰਾ ਉਸ ''ਤੇ ਪਏ ਖ਼ਰਚਿਆਂ ਦੇ ਸਬੰਧ ਵਿੱਚ ਭੁਗਤਾਨ ਦੇਣਾ ਬਣਦਾ ਹੈ ।

- ''**ਪ੍ਰਾਇਮਰੀ ਕਾਰਡ ਮੈਂਬਰ**'' **("Primary Card Member")** ਉਹ ਵਿਅਕਤੀ ਹੁੰਦਾ ਹੈ ਜਿਸਦੇ ਨਾਮ 'ਤੇ ਕਾਰਡ ਅਕਾਊਂਟ ਖੋਲ੍ਹਿਆ ਜਾਂਦਾ ਹੈ ਅਤੇ ਜਿਸ ਨੂੰ ਕਾਰਡ ਜਾਰੀ ਕੀਤਾ ਜਾਂਦਾ ਹੈ ।

- **"RBI"** ਤੋਂ ਭਾਵ ਹੈ ਰਿਜ਼ਰਵ ਬੈਂਕ ਆਫ਼ ਇੰਡੀਆ ।

- ''**ਸਟੇਟਮੈਂਟ**'' **("Statement")** ਤੋਂ ਭਾਵ ਹੈ ICICI ਬੈਂਕ ਵੱਲੋਂ ICICI ਬੈਂਕ ਦੇ ਪ੍ਰਾਇਮਰੀ ਕਾਰਡ ਮੈਂਬਰ ਅਤੇ ਕਿਸੇ ਸਪਲੀਮੈਂਟਰੀ ਕਾਰਡ ਮੈਂਬਰ ਨੂੰ ਕਾਰਡ ਅਕਾਊਂਟ ਦੇ ਸਬੰਧ ਵਿੱਚ ਉਸ ਤਾਰੀਖ ਨੂੰ ਵਿੱਤੀ ਦੇਣਦਾਰੀਆਂ ਤੈਅ ਕਰਦੀ (ਕਰਦੀਆਂ) ਖਾਤੇ ਦੀ ਮਹੀਨੇਵਾਰ ਸਟੇਟਮੈਂਟ(ਟਾਂ)।

- ''**ਸਪਲੀਮੈਂਟਰੀ ਕਾਰਡ ਮੈਂਬਰ**'' ਤੋਂ ਭਾਵ ਹੈ ਪ੍ਰਾਇ੍ਰਰੀ ਕਾਰਡ ਮੈਂਬਰ ਦਾ ਪਰਿਵਾਰਕ ਮੈਂਬਰ ਜੋ ਪ੍ਰਾਇਮਰੀ ਕਾਰਡ ਮੈਂਬਰ ਨਾਲ ਉਸਦੇ ਰਿਸ਼ਤੇ ਦੇ ਨਾਤੇ ਇੱਕ ਕਾਰਡ ਮੈਂਬਰ ਬਣ ਜਾਂਦਾ ਹੈ ।

- ''**ਟੈਰਿਫ਼ ਅੰਤਿਕਾ (Tariff Annexure")** ਤੋਂ ਭਾਵ ਹੈ ਕਾਰਡ 'ਤੇ ਪੇਸ਼ ਕੀਤੀਆਂ ਗਈਆਂ ਸੇਵਾਵਾ ਲਈ ਲਾਗੂ ਹੁੰਦੇ ਖ਼ਰਚਿਆਂ ਦੇ ਵੇਰਵਾ ਦਿੰਦੀ ਕੋਈ ਅੰਤਿਕਾ । ਇਹ ਖ਼ਰਚਿਆਂ ਵਿੱਚ ICICI ਬੈਂਕ ਦੇ ਇੱਕਮਾਤਰ ਇਖਤਿਆਰ 'ਤੇ ਤਬਦੀਲੀਆਂ ਕੀਤੀਆਂ ਜਾ ਸਕਦੀਆਂ ਹਨ । ਹਾਲਾਂਕਿ ਖ਼ਰਚਿਆਂ ਵਿੱਚ ਅਜਿਹੀਆਂ ਤਬਦੀਲੀਆਂ ਸਿਰਫ਼ ਕਾਰਡ ਮੈਂਬਰ ਨੂੰ ਪਹਿਲਾਂ ਤੋਂ ੧ ਮਹੀਨੇ ਦਾ ਨੋਟਿਸ ਦੇ ਕੇ ਹੀ ਕੀਤੀਆਂ ਜਾ ਸਕਦੀਆਂ ਹਨ ।

- ''**ਟ੍ਰਾਂਜ਼ੈਕਸ਼ਨ ਹਿਦਾਇਤ**'' ("Transaction Instruction") ਤੋਂ ਭਾਵ ਹੈ ਕਿਸੇ ਕਾਰਡ ਮੈਂਬਰ ਵੱਲੋਂ ਸਿੱਧੇ ਜਾਂ ਅਸਿੱਧੇ ਰੂਪ ਵਿੱਚ ICICI ਬੈਂਕ ਅਤੇ/ਜਾਂ ICICI ਬੈਂਕ 24-ਘੰਟੇ ਕਸਟਮਰ ਕੇਅਰ ਸੈਂਟਰ ਰਾਹੀਂ ਅਤੇ/ਜਾਂ ਇਨਫ਼ਿਨਿਟੀ ਰਾਹੀਂ, ਟ੍ਰਾਂਜ਼ੈਕਸ਼ਨ ਨੂੰ ਅਮਲ ਵਿੱਚ ਲਿਆਉਣ ਦੀ ਕੋਈ ਹਿਦਾਇਤ ਦਿੰਦਾ ਹੈ । ਟ੍ਰਾਂਜ਼ੈਕਸ਼ਨ ਹਿਦਾਇਤ ਵਿੱਚ ਖ਼ਰਚੇ ਦੀ ਇੱਕ ਪਰਚੀ, ਨਕਦ ਕਢਵਾਉਣ ਦੀ ਇੱਕ ਪਰਚੀ ਜਾਂ ਇੱਕ ਮੇਲ ਆਰਡਰ ਕੂਪਨ ਸ਼ਾਮਲ ਹੋਣਗੇ, ਪਰ ਇਹ ਸੂਚੀ ਇਹਨਾਂ ਤੱਕ ਸੀਮਤ ਨਹੀਂ ਹੈ ।

- ਇਹਨਾਂ ''**ਨਿਯਮ ਅਤੇ ਸ਼ਰਤਾਂ**'' ਤੋਂ ਭਾਵ ਹੈ ਇਸ ਵਿੱਚ ਤੈਅ ਕੀਤੀਆਂ ਗਈਆਂ ਨਿਯਮ ਅਤੇ ਸ਼ਰਤਾਂ ਅਤੇ/ਜਾਂ ਜੋ ਸਾਇਦ ICICI ਬੈਂਕ ਵੱਲੋਂ ਸਮੇਂ-ਸਮੇਂ 'ਤੇ ਸੋਧੇ ਜਾਂਦੀਆਂ ਹਨ, ਨਿਰਧਾਰਤ ਕੀਤੀਆਂ ਜਾ ਸਕਦੀਆਂ ਹਨ ।

ਇਹਨਾਂ ਨਿਯਮਾਂ ਅਤੇ ਸ਼ਰਤਾਂ ਵਿੱਚ, ਬਸ਼ਰਤੇ ਉਲਟਾ ਇਰਾਦਾ ਪ੍ਰਤੀਤ ਹੋਵੇ :

(a) ਹੇਠਾਂ ਦਿੱਤੇ ਸ਼ਬਦ :

ਕਿਸੇ 'ਸੋਧ'' ਵਿੱਚ ਕੋਈ ਸਪਲੀਮੈਂਟ, ਸੁਧਾਰ, ਬਦਲ,ਪ੍ਰਤਿਸਥਾਨਕ ਜਾਂ ਮੁੜ-ਵਿਧੀਕਰਣ ਸ਼ਾਮਲ ਹੁੰਦਾ ਹੈ ਅਤੇ ''ਸੋਧਿਆਂ'' ਨੂੰ ਇਸੇ ਮੁਤਾਬਕ ਸਮਝਿਆ ਜਾਣਾਚਾਹੀਦਾ ਹੈ;

ਕਿਸੇ ''ਅਥੋਰਾਈਜ਼ੇਸ਼ਨ'' ਜਾਂ ''ਮੰਜ਼ੂਰੀ'' ਵਿੱਚ ਕੋਈ ਅਧਿਕਾਰ ਸੌਂਪਣਾ, ਸਹਿਮਤੀ, ਮੰਜ਼ੂਰੀ, ਆਗਿਆ, ਨਿਪਟਾਰਾ, ਲਾਇਸੰਸ, ਛੋਟ, ਨਬੀਕਰਣ ਅਤੇ ਰਜਿਸਟ੍ਰੇਸ਼ਨ ਸ਼ਾਮਲ ਹੁੰਦੇ ਹਨ :

''ਕਾਨੂੰਨ' ਵਿੱਚ ਕੋਈ ਵਿਧਾਨ, ਕਾਨੂੰਨ ਅਧਿਨੇਮ, ਕਾਨੂੰਨ, ਨਿਯਮ, ਵਿਨਿਯਮ, ਅਧਿਆਦੇਸ਼, ਫ਼ੈਸਲਾ, ਆਦੇਸ਼, ਫਰਮਾਨ, ਆਥੋਰਾਈਜ਼ੇਸ਼ਨ ਜਾਂ ਕੋਈ ਪ੍ਰਕਾਸ਼ਤ ਹੋਇਆ, ਦਿਸ਼ਾ ਸੂਚਕ, ਦਿਸ਼ਾ-ਨਿਰਦੇਸ਼, ਕਾਨੂੰਨ ਦੀ ਸ਼ਕਤੀ ਵਾਲੀ ਕੋਈ ਲੋੜ ਜਾਂ ਸਰਕਾਰੀ ਪਾਬੰਦੀ, ਜਾਂ ਕਿਸੇ ਨਿਆਇਕ ਅਧਿਕਾਰੀ ਵੱਲੋਂ ਕੋਈ ਫ਼ੈਸਲਾ, ਜਾਂ ਕਿਸੇ ਉਪਰੋਕਤ ਬਾਰੇ ਕੋਈ ਵਿਅਖਿਆ ਸ਼ਾਮਲ ਹੁੰਦੇ ਹਨ, ਭਾਵੇਂ ਅਰਜ਼ੀ ਫ਼ਾਰਮ 'ਤੇ ਦਸਤਖ਼ਤ ਕਰਨ/ਜਮ੍ਹਾਂ ਕਰਵਾਉਣ ਜਾਂ ਇਸ ਤੋਂ ਮਗਰੋਂ ਦੀ ਤਾਰੀਖ਼ ਨੂੰ ਲਾਗੂ ਹੋਵੇ ਜਾਂ ਨਾ ਹੋਵੇ ਅਤੇ ਸਮੇਂ ਸਮੇਂ 'ਤੇ ਹਰੇਕ ਨੂੰ ਸੋਧੇ ਜਾਣ ਮੁਤਾਬਕ ।

(b) ਇੱਕ ਵਚਨ ਵਿੱਚ ਬਹੁਤ ਵਚਨ ਸ਼ਾਮਲ ਹੈ (ਅਤੇ ਇਸ ਦਾ ਉਲਟ ਵੀ);

(c) ਇਹਨਾਂ ਨਿਯਮਾਂ ਅਤੇ ਸ਼ਰਤਾਂ ਵਿੱਚ ਸਿਰਲੇਖ ਸਿਰਫ਼ ਹਵਾਲਾ ਲੈਣ ਦੀ ਸਹੂਲਤ ਵਾਸਤੇ ਪਾਏ ਗਏ ਹਨ ਅਤੇ ਇਹ ਨਿਯਮਾਂ ਅਤੇ ਸ਼ਰਤਾਂ ਨੂੰ ਸਮਝਣ ਅਤੇ ਉਹਨਾਂ ਦੀ ਵਿਆਖਿਆ ਕਰਨ ਵਿੱਚ ਨਜ਼ਰਅੰਦਾਜ਼ ਕੀਤੇ ਜਾਣ;

(d) ਸ਼ਬਦਾਂ ''ਸ਼ਾਮਲ'' ਜਾਂ ''ਸਮੇਤ'' ਨੂੰ ਸੀਮਾਬੱਧਤਾ ਤੋਂ ਬਿਨਾ ਸਮਝਿਆ ਜਾਏਗਾ;

(e) ਕਿਸੇ ਲਿੰਗ ਦੇ ਹਵਾਲੇ ਵਿੱਚ ਇਸਤਰੀ, ਮਰਦ ਅਤੇ ਅਲਿੰਗੀ ਲਿੰਗ ਸ਼ਾਮਲ ਹੋਣਗੀ;

(f) ICICI ਬੈਂਕ ਹੱਵੋਂ ਕਿਸੇ ਵੀ ਮਾਮਲੇ ਲਈ ਸਾਰੀਆਂ ਪ੍ਰਵਾਨਗੀਆਂ, ਮੰਜ਼ੂਰੀਆਂ, ਸਹਿਮਤੀਆਂ ਜਾਂ ਸਵੀਕ੍ਰਿਤੀ ਲਈ ਪਹਿਲਾਂ ICICI ਬੈਂਕ ਦੀ ਲਿਖਤੀ ਪ੍ਰਵਾਨਗੀ, ਮੰਜ਼ੂਰੀ, ਸਹਿਮਤੀ ਜਾਂ ਸਹੀਕ੍ਰਿਤੀ ਦੀ ਲੋੜ ਪਏਗੀ;

(g) VISA/MASTERCARD ਵਿਨਿਯਮਾਂ ਦੇ ਹਵਾਲਿਆਂ ਦਾ ਸੰਬਧ ਇਸਦੇ ਨੈੱਟਵਰਕ ਦੇ ਸਾਰੇ ਮੈਂਬਰ ਬੈਂਕਾਂ ਨੂੰ VISA/MASTERCARD ਵੱਲੋਂ ਜਾਰੀ ਕੀਤੇ ਗਏ ਦਿਸ਼ਾ ਨਿਰਦੇਸ਼ਾਂ ਨਾਲ ਹੋਵੇਗਾ।

(h) ICICI ਬੈਂਕ ਅਤੇ ਕਾਰਡ ਮੈਂਬਰ ਵਿਚਾਲੇ ਕਿਸੇ ਘਟਨਾ, ਵਾਕਿਆ, ਹਾਲਤ, ਤਬਦੀਲੀ, ਤੱਥ, ਜਾਣਕਾਰੀ, ਮਾਨਤਾ, ਕਾਨੂੰਨੀ ਕਾਰਵਾਈ, ਕਾਰਜ, ਉਕਾਈ, ਦਾਅਵਿਆਂ, ਉਲੰਘਣਾ ਜਾਂ ਓਦਾਂ, ਸਮੇਤ ਕਿਸੇ ਮਾਮਲੇ ਦੀ ਪਦਾਰਥਕਤਾ ਬਾਰੇ ਕਿਸੇ ਤਰ੍ਹਾਂ ਦੀ ਅਸਹਿਮਤੀ ਜਾਂ ਝਗੜੇ ਦੀ ਸਥਿਤੀ ਵਿੱਚ, ਉਪਰੋਕਤ ਵਿੱਚੋਂ ਕਿਸੇ ਦੀ ਪਦਾਰਥਕਤਾ ਬਾਰੇ ICICI ਬੈਂਕ ਦੀ ਗਏ ਕਾਰਡ ਮੈਂਬਰ ਲਈ ਅੰਤਮ ਅਤੇ ਲਾਜ਼ਮੀ ਹੋਵੇਗੀ।

(i) ਕਾਰਡ ਉੱਪਰ ਜਾਂ ਕਿਤੇ ਹੋਰ ''ICICI ਬੈਂਕ ਕ੍ਰੈਡਿਟ ਕਾਰਡ ਸਮਝੌਤਾ'' (''ICICI Bank Credit Card Agreement'') ਸ਼ਬਦਾਂ ਦੀ ਵਰਤੋਂ ਦਾ ਮਤਲਬ ਹੈ ਇਹ ਨਿਯਮ ਅਤੇ ਸ਼ਰਤਾਂ।

**II. ਕਾਰਡ ਸੇਵਾਵਾਂ**

ਕਾਰਡ ICICI ਬੈਂਕ ਦੀ ਮਲਕੀਅਤ ਹੈ। ਬੈਂਕ ਅੱਗੇ ਦਿੱਤੇ ਅਧਿਕਾਰ ਰਾਖਵੇਂ ਰਖਦਾ ਹੈ (1) ਕ੍ਰੈਡਿਟ ਬਿਊਰੋ ਰਿਪੋਰਟ ਅਤੇ ਅਜਿਹੀਆਂ ਹੋਰ ਰਿਪੋਰਟਾਂ ਪ੍ਰਾਪਤ ਕਰਕੇ, ਜਿਵੇਂ ਵੀ ਇਹ ਲੋੜੀਂਦਾਂ ਸਮਝਦਾ ਹੋਵੇ, ਐਪਲੀਕੈਂਟ ਦੀ ਕ੍ਰੈਡਿਟ ਯੋਗਤਾ ਨੂੰ ਨਿਰਧਾਰਤ ਕਰਨਾ ਅਤੇ (2) ਆਪਣੇ ਇੱਕਮਾਤਰ ਇਖ਼ਤਿਆਰ 'ਤੇ ਕਿਸੇ ਐਪਲੀਕੈਂਟ ਨੂੰ ਕਾਰਡ ਜਾਰੀ ਕਰਨ ਤੋਂ ਇਨਕਾਰ ਕਰਨਾ। ਕਾਰਡ ਨੂੰ ਕਿਸੇ ਦੂਜੇ ਦੇ ਨਾਮ 'ਤੇ ਤਬਦੀਲ ਨਹੀਂ ਕੀਤਾ ਜਾ ਸਕਦਾ ਅਤੇ ਇਸਦੀ ਵਰਤੋਂ ਤੇ ਇਥੇ ਜ਼ਿਕਰ ਕੀਤੀਆਂ ਸ਼ਰਤਾਂ ਅਤੇ ਸਮੇਂ ਤੇ ICICI ਬੈਂਕ ਵੱਲੋਂ ਨਿਯਤ ਕੀਤੀਆਂ ਕੋਈ ਵੀ ਵਧੀਕ ਸ਼ਰਤਾਂ ਦੇ ਅਧੀਨ ਹੈ। ਕਾਰਡ ਮੈਂਬਰ ਕਾਰਡ ਪਆਪਤ ਹੁੰਦਿਆਂ ਤੁਰੰਤ ਹੀ ਕਾਰਡ ਦੇ ਪਿਛਲੇ ਪਾਸੇ ਦਸਤਖ਼ਤ ਕਰੇਗਾ। ICICI ਬੈਂਕ 24-ਘੰਟੇ ਕਸਟਮਰ ਕੇਅਰ ਸੈਂਟਰ ਅਤੇ/ਜਾਂ ਇਨਫ਼ਿਨਿਟੀ ਸਾਰੇ ਕਾਰਡ ਮੈਂਬਰਾਂ ਲਈ ਉਪਲਬਧ ਹੁੰਦੇ ਹਨ। ICICI ਬੈਂਕ 24-ਘੰਟੇ ਕਸਟਮਰ ਕੇਅਰ ਸੈਂਟਰ ਅਤੇ/ਜਾਂ ਇਨਫ਼ਿਨਿਟੀ ਰਾਹੀਂ ਕ੍ਰੈਡਿਟੀ ਲਿਮਿਟ ਵਧਾਉਣ, ਟ੍ਰਾਂਜ਼ੈਕਸ਼ਨਾਂ ਬਾਰੇ ਪੁੱਛਗਿੱਛ, ਕੁੱਲ ਬਕਾਇਆ ਰਾਸ਼ੀ, ਸਟੇਟਮੈਂਟ ਵੇਰਵੇ, ਭੁਗਤਾਨ ਦੀ ਦੇਣਯੋਗ ਤਾਰੀਖ, ਆਦਿ ਸਮੇਤ ਪਰ, ਇੱਥੇ ਤੱਕ ਹੀ ਸੀਮਤ ਨਹੀਂ, ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ/ਸਹੂਲਤਾਂ ਦਾ ਲਾਭ ਉਠਾ ਰਹੇ ਕਾਰਡ ਮੈਂਬਰ ਸੇਵਾਵਾਂ/ਸਹੂਲਤਾਂ ਦੇ ਸਬੰਧ ਵਿੱਚ ਅਤੇ ਅਜਿਹੀਆਂ ਸਹੂਲਤਾਂ/ਸੇਵਾਵਾਂ ਦਾ ਲਾਭ ਉਠਾਉਣ ਦੇ ਤਰੀਕੇ ਦੇ ਸਬੰਧ ਵਿੱ ICICI ਬੈਂਕ ਵੱਲੋਂ ਨਿਯਤ ਕੀਤੀਆਂ, ਸਮੇਂ ਸਮੇਂ 'ਤੇ ਸੋਧੀਆਂ ਜਾਂਦੀਆਂ ਨਿਯਮ ਅਤੇ ਸ਼ਰਤਾਂ ਲਈ ਹਰ ਸਮੇਂ ਪਾਬੰਦ ਰਹਿਣਾ ਜਾਰੀ ਰਹਿਣਗੇ।

**III. ਕਾਰਡ ਦੀ ਵਰਤੋਂ**

(a) ਕਿਸੇ ਅੰਤਰਰਾਸ਼ਟਰੀ ਪ੍ਰਮਾਣਕ ਕਾਰਡ ਦੇ ਮਾਮਲੇ ਵਿੱਚ ਕਾਰਡ, ਇਥੇ, ਹੇਠਾਂ ਦਫ਼ਾਂ III (g) ਵਿੱਚ ਮੁਹੱਈਆ ਕਰਾਏ ਗਏ ਤੋਂ ਛੁੱਟ ਇੱਕ ਪ੍ਰਮਾਣਕ ਵਿਆਪਕ ਕਾਰਡ ਹੈ। ਹੋਰਨਾਂ ਕਾਰਡਾਂ ਦੇ ਮਾਮਲੇ ਵਿੱਚ, ਵਰਤੋਂ ਸਿਰਫ਼ ਭਾਰਤ ਵਿੱਚ VISA/VISA ਇਲੈਕਟ੍ਰੋਨ ਕ੍ਰੈਡਿਟ ਕਾਰਡ/Master Card/AMEX ਨੂੰ ਸਹੀਕਾਰ ਕਰਨ ਵਾਲੀਆਂ ਮਰਚੈਂਟ ਐਸਟੈਬਲਿਸ਼ਮੈਂਟਸ 'ਤੇ ਹੀ ਸੀਮਤ ਹੈ। ਹਾਲਾਂਕਿ, ICICI ਬੈਂਕ ਅਤੇ ਸਬੰਧਤ ਮਰਚੈਂਟ ਐਸਟੈਬਲਿਸ਼ਮੈਂਟ, ਕਿਸੇ ਸਮੇਂ, ਉਸ ਮਰਚੈਂਟ ਐਸਟੈਬਲਿਸ਼ਮੈਂਟ 'ਤੇ ਜੋ ਕਿਸੇ ਵੀ ਕਾਰਨ ਕਰਕੇ, ਕ੍ਰੈਡਿਟ ਕਾਰਡ ਦੀ ਵਰਤੋਂ ਤੋਂ ਇਨਕਾਰ ਕਰਨ ਦਾ ਅਧਿਕਾਰ, ਰਾਖਵਾਂ ਰਖਦੇ ਹਨ। ਕ੍ਰੈਡਿਟ ਕਾਰਡ ਦੀ ਵਰਤੋਂ ਸਿਰਫ਼ ਪ੍ਰਮਾਣਕ ਨਿੱਜੀ

ਜਾਂ ਅਧਿਕਾਰ ਉਦੇਸ਼ਾਂ ਲਈ ਹੀ ਕੀਤੀ ਜਾ ਸਕਦੀ ਹੈ ਅਤੇ ਇਸ ਦੀ ਵਰਤੋਂ ਲਈ ਕਾਰਡ ਮੈਂਬਰ ਵੱਲੋਂ ਦੁਰਵਰਤੋਂ ਕੀਤੇ ਜਾਣ ਦੀ ਆਗਿਆ ਨਹੀਂ ਹੈ । ਜੇ ਕਿਸੇ ਸੂਰਤ ਵਿੱਚ ਮਰਚੈਂਟ ਐਸਟੈਬਲਿਸ਼ਮੈਂਟ ਵੱਲੋਂ ਖਰੀਦ ਜਾਂ ਕਿਸੇ ਹੋਰ ਸਹੂਲਤ ਦਾ ਲਾਭ ਉਠਾਉਣ ਲਈ, ਕਾਰਡ ਮੈਂਬਰ ਉੱਪਰ ਪਏ ਖ਼ਰਚਿਆਂ 'ਤੇ ਕੋਈ ਖ਼ਰਚਾ ਲਗਾਇਆ ਜਾਂਦਾ ਹੈ, ਤਾਂ ਇਸ ਦਾ ਨਿਪਟਾਰਾ ਮਰਚੈਂਟ ਐਸਟੈਬਲਿਸ਼ਮੈਂਟ ਨਾਲ ਕੀਤਾ ਜਾਵੇਗਾ ਅਤੇ ICICI ਬੈਂਕ ਕਿਸੇ ਵੀ ਤਰ੍ਹਾਂ ਇਸ ਦੇ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਏਗਾ । ਮਰਚੈਂਟ ਐਸਟੈਬਲਿਸ਼ਮੈਂਟ 'ਤੇ ਕਾਰਡ ਦੀ ਵਰਤੋਂ ਕਰਨ 'ਤੇ, ਕਾਰਡ ਮੈਂਬਰ ਲਏ ਖ਼ਰਚੇ ਵਾਲੀ ਪਰਚੀ (charge slip) 'ਤੇ ਦਸਤਖ਼ਤ ਕਰਦੇ ਸਮੇਂ ਖ਼ਰਚਿਆਂ ਦੀ ਪਰਚੀਆਂ ਦੀ ਇੱਕ ਕਾਪੀ ਲੈਣਾ ਲਾਜ਼ਮੀ ਹੈ । ਕਾਰਡ ਮੈਂਬਰ ਖ਼ਰਚੇ ਦੀ ਪਰਚੀ 'ਤੇ ਦਸਤਖ਼ਤ ਕਰਨ ਲਈ ਜ਼ਿੰਮੇਵਾਰ ਹੋਵੇਗਾ; ਜੇ ਕਿਸੇ ਸਥਿਤੀ ਵਿੱਚ ਕਾਰਡ ਮੈਂਬਰ ਵੱਲੋਂ ਖ਼ਰਚ ਦੀ ਪਰਚੀ ਉੱਪਰ ਦਸਤਖ਼ਤ ਨਹੀਂ ਕੀਤੇ ਜਾਂਦੇ, ਤਾਂ ਕਾਰਡ ਮੈਂਬਰ ਟ੍ਰਾਂਜ਼ੈਕਸ਼ਨ (ਟ੍ਰਾਂਜ਼ੈਕਸ਼ਨਾਂ) ਅਤੇ ਇਸ ਨਾਲ ਸਬੰਧਤ ਸਾਰੇ ਖ਼ਰਚਿਆਂ ਲਈ ਫੇਰ ਵੀ ਜ਼ਿਮੇਵਾਰ ਰਹੇਗਾ । ICICI ਬੈਂਕ ਕਾਰਡ ਮੈਂਬਰ ਨੂੰ ਖ਼ਰਚੇ ਦੀਆਂ ਪਰਚੀਆਂ ਦੀ ਕਾਪੀ ਮੁਹੱਈਆ ਨਹੀਂ ਕਰੇਗਾ, ਬਸ਼ਰਤੇ ਹਾਲਾਂਕਿ ਜੇ ਕਾਰਡ ਮੈਂਬਰ ਸਬੰਧਤ ਟ੍ਰਾਂਜ਼ੈਕਸ਼ਨ ਦੇ ਪੰਤਾਲੀ ਦਿਨਾਂ ਦੇ ਅੰਦਰ-ਅੰਦਰ ਅਜਿਹੀ ਬੇਨਤੀ ਕਰਦਾ ਹੈ, ਤਾਂ ਸ਼ਾਇਦ ICICI ਬੈਂਕ, ਆਪਣੇ ਇੱਕਮਾਤਰ ਇਖ਼ਤਿਆ 'ਤੇ ਕਾਰਡ ਮੈਂਬਰ ਨੂੰ ਮੇਲ ਆਰਡਰ ਦੇ ਪ੍ਰਭਾਵਰ ਹੋਣ ਜਾਂ ਟੈਲੀਫ਼ੋਨ ਰਾਹੀਂ ਆਰਡਰ ਦੇ ਕੇ ਖਰੀਦਣ ਦੀ ਮਹੂਲਤ ਮੁਹੱਈਆਕਰਾਉਣ ਲਈ ਰਾਜ਼ੀ ਹੋ ਸਕਦਾ ਹੈ । ਕਿਸੇ ਆਨਲਾਈਨ ਕ੍ਰੈਡਿਟ ਕਾਰਡ ਦੀ ਵਰਤੋਂ ਆਨਲਾਈਨ ਟ੍ਰਾਂਜੈਂਕਸ਼ਨਾਂ/ਮੇਲ ਆਰਡਰਜ਼ ਲਈ ਹੀ ਕੀਤੀ ਜਾ ਸਕੇਗੀ । ਇੱਕ ਆਨਲਾਈਨ ਕ੍ਰੈਡਿਟ ਕਾਰਡ ਸਿਰਫ਼ ਇੱਕ ਸਪਲੀਮੈਂਟਰੀ ਕਾਰਡ/ਐਡ ਔਨ ਕਾਰਡ ਵਜੋਂ ਹੀ ਜਾਰੀ ਕੀਤਾ ਜਾਵੇਗਾ, ਨਾਂ ਕਿ ਪ੍ਰਾਇਮਰੀ ਕਾਰਡ ਵਜੋਂ, ਜਾਂ ਜਿਵੇਂ ਕਿ ICICI ਬੈਂਕ ਵੱਲੋਂ ਸਮੇਂ ਸਮੇਂ 'ਤੇ ਆਪਣੇ ਇੱਕਮਾਤਰ ਇਖਤਿਆਰ 'ਤੇ ਸੂਚਤ ਕੀਤਾ ਜਾਵੇਗਾ । ਕਾਰਡ ਮੈਂਬਰ ਇਹ ਜਾਣਦਾ ਹੈ ਕਿ ਮੇਲ ਆਰਡਰ ਜਾਂ ਟੈਲੀਫ਼ੋਨ ਆਰਡਰ ਖਰੀਦਦਾਰੀਆਂ ਦੇ ਮਾਮਲੇ ਵਿੱਚ, ਖਰਚੇ ਦੀਆਂ ਪਰਚੀਆਂ 'ਤੇ ਕਾਰਡ ਮੈਂਬਰ ਵੱਲੋਂ ਖ਼ਰੀਦ ਦੇ ਸਮੇਂ ਦਸਤਖ਼ਤ ਨਹੀਂ ਕੀਤੇ ਜਾਣਗੇ । ਇਸੇ ਮੁਤਾਬਕ, ਕਾਰਡ ਮੈਂਬਰ ਸਵੀਕਾਰ ਕਰਦਾ ਹੈ ਕਿ, ਕਿਸੇ ਅਜਿਹੀ ਖ਼ਰੀਦ ਜਾਂ ਕਿਸੇ ਖ਼ਰਚੇ ਦੀ ਪ੍ਰਮਾਣਕਤਾ ਜਾਂ ਜਾਇਜ਼ਤਾ ਬਾਰੇ ਜਿਮ ਕਿਸੇ ਵੀ ਕਾਰਨ ਕਿਸੇ ਝਗੜੇ ਦੀ ਸਥਿਤੀ ਵਿੱਚ ਵੀ, ਕਾਰਡ ਮੈਂਬਰ ਸਾਰੇ ਖੜ੍ਹੇ ਬਕਾਏ ਦਾ ਭੁਗਤਾਨ ICICI ਬੈਂਕ ਨੂੰ ਕਰੇਗਾ ।

(b) ਸਾਰੇ ਝਗੜੇ ਕਾਰਡ ਮੈਂਬਰ ਅਤੇ ਸਬੰਧਤ ਮਰਚੈਂਟ ਐਸਟੈਬਲਿਸ਼ਮੈਂਟ ਵਿਚਾਲੇ ਹੋਣਗੇ ਅਤੇ ਉਹਨਾਂ ਦੁਆਰਾ ਹੀ ਨਿਪਟਾਏ ਜਾਣਗੇ । ICICI ਬੈਂਕ ਕਿਸੇ ਵੀ ਢੰਗ ਨਾਲ, ਇਸ ਦੇ ਲਈ ਜ਼ਿੰਮੇਵਾਰ ਨਹੀਂ ਹੋਵੇਗਾ ।

(c) ਕਾਰਡ ਦੀ ਵਰਤੋਂ: (i) ICICI ਬੈਂਕ ਵੱਲੋਂ ਕਾਰਡ ਮੈਂਬਰ ਨੂੰ ਸੂਚਤ ਕੀਤੀ ਗਈ ਕ੍ਰੈਡਿਟ ਲਿਮਿਟ ਦੇ ਅੰਦਰ-ਅੰਦਰ ਕੀਤੀ ਜਾ ਸਕਦੀ ਹੈ; ਅਤੇ (ii) ਇਸ ਦੇ ਉੱਪਰ ਦਿੱਤੀ ਮਹੀਨੇ ਦੀ ਆਖਰੀ ਤਾਰੀਖ ਤੋਂ ਬਾਅਦ ਨਹੀਂ ਕੀਤੀ ਜਾ ਸਕਦੀ।

(d) ਕਾਰਡ ਮੈਂਬਰ ਦਾ ਕਾਰਡ ਨੂੰ ਵਰਤਣ ਦਾ ਅਧਿਕਾਰ : (i) ਹੇਠਾਂ ਦਫ਼ਾ v ਦੇ ਅਨੁਸਾਰ ਖ਼ਾਤਮੇ ਦੀ ਸਥਿਤੀ ਵਿੱਚ ਤੁਰੰਤ; ਜਾਂ (ii) ਕਾਰਡ ਦੀ ਗੁੰਮਸ਼ੁਦਗੀ/ਦੁਰਵਰਤੋਂ ਜਾਂ ਕਾਰਡ ਦੀ ਚੋਰੀ ਦੀ ਸਥਿਤੀ ਵਿੱਚ ਨਿਰਧਾਰਤ ਕਰੇਗਾ ।

(e) ਕਾਰਡ ਦੀ ਵਰਤੋਂ ਨਾਲ, ਕਾਰਡ ਮੈਂਬਰ ਵੱਲੋਂ ਇੱਕ ਸਥਾਈ ਬੇਨਤੀ ਕਰਨਾ ਮੰਨਿਆ ਜਾਂਦਾ ਹੈ ਕਿ ਕਾਰਡ ਦੀ ਮਿਆਦ ਦੇ ਨਵੀਨੀਕਰਣ ਅਤੇ/ਜਾਂ ਰਿਪਲੇਸਮੈਂਟ ਕਾਰਡ ਹਰੇਕ ਕਾਰਡ ਮੈਂਬਰ ਨੂੰ ਉਸ ਸਮੇਂ ਤੱਕ ਜਾਰੀ ਕਰ ਦਿੱਤੇ ਜਾਣ ਜਦੋਂ ICICI ਬੈਂਕ 24-ਘੰਟੇ ਕਸਟਮਰ ਕੇਅਰ ਸੈਂਟਰ/ਇਨਫ਼ਿਨਿਟੀ ਨੂੰ ਉਂਝ ਕਾਰਡ ਮੈਂਬਰ ਦੁਆਰਾ ਸੂਚਤ ਕੀਤਾ ਜਾਂਦਾ ਹੈ, ਅਤੇ ਅਜਿਹਾ ਨਵੀਨੀਕਰਣ ਅਤੇ/ਜਾਂ ਰਿਪਲੇਸਮੈਂਟ ICICI ਬੈਂਕ ਦੇ ਇੱਕਮਾਤਰ ਇਖਤਿਆਰ ਦੇ ਅਧੀਨ ਹੋਵੇਗਾ ।

(f) ਕਾਰਡ ਮੈਂਬਰ ਕਾਰਡ ਅਤੇ ICICI ਬੈਂਕ ਨਾਲ ਸਾਰੇ ਲੈਣ-ਦੇਣ ਦੇ ਸਬੰਧ ਵਿੱਚ ਹਮੇਸ਼ਾਂ ਨੇਕਨੀਤੀ ਨਾਲ ਪੇਸ਼ ਆਏਗਾ ।

(g) ਕਾਰਡ ਮੈਂਬਰ ਨੂੰ ਜਾਰੀ ਕੀਤਾ ਗਿਆ ਅੰਤਰ ਰਾਸ਼ਟਰੀ ਰੂਪ ਵਿੱਚ ਜਾਇਜ਼ ਕਾਰਡ ਨੇਪਾਲ ਅਤੇ ਭੂਟਾਨ ਵਿੱਚ ਮਰਚੈਂਟ ਐਸਟੈਬਲਿਸ਼ਮੈਂਟਸ 'ਤੇ ਵਿਦੇਸ਼ੀ ਮੁਦਰਾ ਵਿੱਚ ਭੁਗਤਾਨ ਤੋਂ ਛੁੱਟ ਪ੍ਰਮਾਣਕ ਵਿਸ਼ਵਵਿਆਪੀ ਕਾਰਡ ਹੈ । ਉਹਨਾਂ ਕਾਰਡਾਂ ਦੇ ਸਬੰਧ ਵਿੱਚ, ਜਿਹਨਾਂ ਦੀ ਵਰਤੋਂ ਸਿਰਫ਼ ਭਾਰਤ/ਨੇਪਾਲ/ਭੂਟਾਨ ਵਿੱਚ ਹੀ ਸੀਮਤ ਹੈ, ਉਹਨਾਂ ਦੀ ਵਰਤੋਂ ਭਾਰਤ/ਨੇਪਾਲ/ਭੂਟਾਨ ਤੋਂ ਬਾਹਰ ਕਰਨਾ 'ਫ਼ੋਰੇਨ ਐਕਸਚੈਂਜ ਮੈਨੇਜਮੈਂਟ ਐਕਟ' ਜਾਂ ਕਿਸੇ ਹੋਰ ਸਬੰਧਤ ਕਾਨੂੰਨ ਦੀ ਇੱਕ ਉਲੰਘਣਾ ਹੈ । ਕਾਰਡ ਮੈਂਬਰ ਇਹਨਾਂ ਸ਼ਰਤਾਂ ਦੀ ਉਲੰਘਣਾ ਵਿੱਚ ਗਲਤ ਪ੍ਰਯੋਗ ਲਈ ਪੂਰੀ ਜ਼ਿੰਮੇਵਾਰੀ ਸਹੀਕਾਰ ਕਰਦਾ ਹੈ ਅਤੇ ICICI ਬੈਂਕ ਨੂੰ ਕਿਸੇ ਨੁਕਸਾਨ, ਹਾਨੀ, ਵਿਆਜ, ਵਟਾਂਦਰੇ, ਕਿਸੇ ਹੋਰ ਵਿੱਤੀ ਖ਼ਰਚੇ ਜੋ ICICI ਬੈਂਕ ਨੂੰ ਕਾਰਡ ਮੈਂਬਰ ਵੱਲੋਂ ਇਸ ਦੇ ਪ੍ਰਾਵਧਾਨਾਂ ਦੀਆਂ ਉਲੰਘਣਾਵਾਂ ਕਰਨ ਦੇ ਸਿੱਟੇ

ਵਜੋਂ ਪਈ ਹੋ ਸਕਦੇ ਹਨ, ਉਹਨਾ ਨੂੰ ਠੀਕ ਕਰਨ ਲਈ ਹਾਨੀਪੂਰਤੀ ਕਰਨ ਲਈ ਸਹਿਮਤੀ ਜਤਾਉਂਦਾ ਹੈ ।

(h) ਅੰਤਰ ਰਾਸ਼ਟਰੀ ਰੂਪ ਵਿੱਚ ਪ੍ਰਮਾਣਕ ਕਾਰਡ ਦੀ ਵਰਤੋਂ ਇੰਟਰਨੈੱਟ ਉੱਪਰ ਕਿਸੇ ਵੀ ਅਜਿਹੇ ਉਦੇਸ਼ ਲਈ ਕੀਤੀ ਜਾ ਸਕਦੀ ਹੈ ਜਿਸ ਦੇ ਲਈ ਭਾਰਤ ਵਿੱਚ ਕਿਸੇ ਆਥੋਰਾਈਜ਼ਡ ਡੀਲਰ ਤੋਂ ਮੁਦਰਾ ਵਟਾ ਕੇ ਖਰੀਦੀ ਜਾ ਸਕੇ ।

(i) ਅੰਤਰ ਰਾਸ਼ਟਰੀ ਰੂਪ ਵਿੱਚ ਕਾਰਡ ਅਤੇ ਹੋਰ ਸਾਰੇ ਕਾਰਡਾਂ ਨੂੰ ਇੰਟਰਨੈੱਟ ਉੱਪਰ ਜਾਂ ਓਦਾਂ ਪਾਬੰਧਿਤ ਚੀਜ਼ਾਂ ਜਿਵੇਂ ਕਿ ਲਾਟਰੀ ਟਿਕਟਾਂ, ਪਾਬੰਧਿਤ ਜਾਂ ਵਰਜਤ ਰਸਾਲੇ, ਸਵੀਪਸਟੇਕਸ ਵਿੱ ਹਿੱਸਾ ਲੈਣਾ, ਕਾਲਬੈਕ ਸੇਵਾਵਾਂ ਦੀ ਭੁਗਤਾਨ ਆਦਿ ਵਾਸਤੇ ਖ਼ਰੀਦਦਾਰੀ ਲਈ ਨਹੀ ਵਰਤਿਆ ਜਾ ਸਕਦਾ ।

(j) ਆਥੋਰਾਈਜ਼ਡ ਡੀਲਰ ਭਾਰਤ ਤੋਂ ਬਾਹਰ ਕੀਤੀਆਂ ਗਈਆਂ ਬਰਾਮਦਾਂ ਲਈ ਡੈਬਿਟ ਤੋਂ ਕ੍ਰੈਡਿਟ ਕਾਰਡ 'ਤੇ ਭੁਗਤਾਨ ਸਵੀਕਾਰ ਕਰ ਸਕਦੇ ਹਨ ਭਾਵੇਂ ਦਰਾਮਦਕਾਰ ਗਾਹਕ ਭਾਰਤ ਦੇ ਦੌਰੇ 'ਤੇ ਹੋਵੇ ਜਾਂ ਨਾ ਹੋਵੇ । ਇਸ ਲਈ, ਆਥੋਰਾਈਜ਼ਡ ਡੀਲਰ ਸ਼ਾਇਦ ਭਾਰਤ ਤੋਂ ਬਾਹਰ ਕੀਤੀਆਂ ਗਈਆਂ ਬਰਾਮਦਾਂ ਲਈ ਡੈਬਿਟ ਤੋਂ ਕਿਸੇ ਦਰਾਮਦਕਾਰ ਦੇ ਕ੍ਰੈਡਿਟ ਕਾਰਡ 'ਤੇ ਭੁਗਤਾਨ ਸਵੀਕਾਰ ਕਰ ਸਕਦੇ ਹਨ, ਜਿਥੇ ਕਾਰਡ ਜਾਰੀ ਕਰਨ ਵਾਲੇ ਬੈਂਕ/ਸੰਸਥਾ ਤੋਂ ਭਰੌਤੀ ਵਿਦੇਸ਼ੀ ਮੁਦਰਾ ਵਿੱਚ ਪ੍ਰਾਪਤ ਕੀਤੀ ਜਾਵੇਗੀ ।

(k) ICICI ਬੈਂਕ ਨੇ ਕਾਰਡ 'ਤੇ ਆਖ਼ਤਿਆਰ ਦੇਣ ਦੇ ਆਵੇਦਨਾਂ ਨੂੰ ਬਿਨਾ ਕੋਈ ਕਾਰਨ ਦਿੱਤਿਆਂ, ਨਾ ਮੰਨਣ ਜਾਂ ਮੰਨਣ ਦੀ ਮੁਕੰਮਲ ਮਰਜ਼ੀ ਆਪਣੇ ਕੋਲ ਰਾਖਵੀ ਰੱਖੀ ਹੈ । ਕੁਝ ਖ਼ਾਸ ਮਾਮਲਿਆਂ ਵਿੱਚ, ICICI ਬੈਂਕ ਆਪਣੀ ਇਕਹਿਰੀ ਮਰਜ਼ੀ ਅਧੀਨ, ਕਾਰਡ ਹੋਲਡਰ ਨੂੰ ਕਹਿ ਸਕਦਾ ਹੈ ਕਿ ਖਓਖਓਖ ਬੈਂਕ 24-ਘੰਟੇ ਕੰਮ ਕਰਨ ਵਾਲੇ ਕਸਟਮਰ ਕੇਅਰ ਸੈਂਟਰ ਨਾਲ ਸੰਪਰਕ ਕਰੇ, ਤਾਂ ਕਿ ਇਸ ਨੂੰ ਮਨਜ਼ੂਰ ਕਰਨ ਅਤੇ ਕਾਰਡ ਅਕਾਊਂਟ ਨੂੰ ਚਾਰਜ ਕਰਨ ਤੋਂ ਪਹਿਲਾਂ ਲੈਣ-ਦੇਣ ਨੂੰ ਪ੍ਰਮਾਣਿਤ ਕੀਤਾ ਜਾ ਸਕੇ ।

(l) ਕਾਰਡ ਮੈਂਬਰ ਸਹਿਮਤੀ ਜਤਾਉਂਦਾਂ ਹੈ ਕਿ ਉਹ ਕਿਸੇ ਨਾਜਾਇਜ਼/ਗੈਰਕਾਨੂੰਨੀ ਖਰੀਦ/ਉਦੇਸ਼ਾਂ ਲਈ ਭੁਗਤਾਨ ਵਜੋਂ ਕਾਰਡ ਦੀ ਵਰਤੋਂ ਨਹੀਂ ਕਰੇਗਾ ।

### IV. ਪਰਸਨਾਲ ਆਈਡੈਂਟੀਫ਼ਿਕੇਸ਼ਨ ਨੰਬਰ

ਕਾਰਡ ਮੈਂਬਰ ਨੂੰ ਕਾਰਡ ਵਰਤਣ ਦੇ ਯੋਗ ਬਣਾਉਣ ਲਈ, ਪਹਿਲੀ ਵਾਰ ਉਸਨੂੰ ਇਕ ਪਰਸਨਲ ਆਈਡੈਂਟੀਫ਼ਿਕੇਸ਼ਨ ਨੰਬਰ (APIN) ਜਾਰੀ ਕੀਤਾ ਜਾਵੇਗਾ । APIN ਉਸਨੂੰ ਡਾਕ ਰਾਹੀਂ ਭੇਜਿਆ ਜਾਵੇਗਾ ਅਤੇ ਜੇ ਇਹ ਉਸਨੂੰ ਇੱਕ ਮੋਹਰਬੰਦ ਲਿਫ਼ਾਫੇ ਵਿੱਚ ਨਹੀਂ ਮਿਲਦਾ ਤਾਂ ਕਾਰਡ ਮੈਂਬਰ ਕਿਸੇ ICICI ਬੈਂਕ ਸ਼ਾਖਾ ਜਾਂ ICICI ਬੈਂਕ ੨੪-ਘੰਟੇ ਕਸਟਮਰ ਕੇਅਰ ਸੈਂਟਰ ਨੂੰ ਸੰਪਰਕ ਕਰੇਗਾ । ਬਾਅਦ ਵਿੱਚ, ਇਹ APIN ਕਾਰਡ ਮੈਂਬਰ ਵੱਲੋਂ, ਆਪਣੇ ਜੋਖਮ 'ਤੇ, ਕਿਸੇ ATM ਵਿਖੇ ਜਾਂ ICICI ਬੈਂਕ ਸ਼ਾਖਾ ਵਿਖੇ ਜਾਂ ICICI ਬੈਂਕ ੨੪-ਘੰਟੇ ਕਸਟਮਰ ਕੇਅਰ ਸੈਂਟਰ ਵਿਖੇ, ਬਦਲਿਆ ਜਾ ਸਕਦਾ ਹੈ । APIN ਕਾਰਡ ਅਕਾਊਂਟ ਤੱਕ ਪਹੁੰਚ ਪ੍ਰਦਾਦ ਕਰਦਾ ਹੈ ਅਤੇ ਕਾਰਡ ਮੈਂਬਰ APIN ਦੀ ਵਰਤੋਂ, ਗੁਪਤਤਾ ਅਤੇ ਸੁਰੱਖਿਆ, ਅਤੇ ਨਾਲ ਹੀ ਅਜਿਹੇ APIN ਦੀ ਵਰਤੋਂ ਕਰਦੇ ਹੋਏ ਕਾਰਡ ਅਕਾਊਂਟ ਵਿੱਚ ਦਰਜ ਕੀਤੇ ਸਾਰੇ ਆਦੇਸ਼ਾਂ ਅਤੇ ਜਾਣਕਾਰੀ ਵਿੱਚ ਤਬਦੀਲੀਆਂ ਦੀ ਇੱਕਮਾਤਰ ਜ਼ਿੰਮੇਵਾਰੀ ਸਵੀਕਾਰ ਕਰਦਾ ਹੈ । ਕਾਰਡ ਮੈਂਬਰ APIN ਨੂੰ ਕਿਸੇ ਰੂਪ ਵਿੱਚ ਰਿਕਾਰਡ ਨਹੀਂ ਕਰੇਗਾ ਤਾਂ ਕਿ ਇਹ ਕਿਸੇ ਤੀਜੀ ਧਿਰ ਦੀ ਜਾਣਕਾਰੀ ਵਿੱਚ ਆ ਸਕੇ । ICICI ਬੈਂਕ ਨੂੰ ਕਾਰਡ ਮੈਂਬਰ ਵੱਲੋਂ APIN ਦੁਆਰਾ ਟ੍ਰਾਂਜ਼ੈਕਸ਼ਨਾਂ ਅਤੇ ਹਿਦਾਇਤਾਂ ਪ੍ਰਮਾਣਕ ਕਰਨਾ ਦਾ ਅਧਿਕਾਰ ਹੈ ਅਤੇ ਇਹ ਇਸ ਨੂੰ ਰੱਦ ਨਹੀਂ ਕਰੇਗਾ । ਕਾਰਡ ਮੈਂਬਰ ਵੱਲੋਂ ਕਾਰਡ ਮੈਂਬਰ ਦੇ APIN ਦੀ ਪੁਸ਼ਟੀ ਦੇ ਸਾਧਨਾਂ ਤੋਂ ਇਲਾਵਾ ਕਿਸ ਹੋਰ ਢੰਗ ਨਾਲ ਭੇਜੀ ਗਈ ਕਿਸੇ ਟ੍ਰਾਂਜ਼ੈਕਸ਼ਨ ਹਿਦਾਇਤ ਦੀ ਪ੍ਰਮਾਣਕਤਾ ਦੀ ਪੁਸ਼ਟੀ ਕਰਨ ਦੀ ICICI ਬੈਂਕ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ । ਕਾਰਡ ਮੈਂਬਰ ਹਮੇਸ਼ਾ APIN ਦੀ ਸੁਰੱਖਿਆ ਬਣਾਈ ਰੱਖਣ ਲਈ, ਇਸ ਵਿੱਚ ਜ਼ਿਕਰ ਕੀਤੇ ਗਏ ਕਦਮਾਂ ਸਮੇਤ, ਸਾਰੇ ਢੁੱਕਵੇਂ ਕਦਮ ਚੱਕੇਗਾ । ਜੇ ਕਾਰਡ ਮੈਂਬਰ ਸੁਰੱਖਿਆ ਲੋੜਾਂ ਦਾ ਪਾਲਣ ਕਰਨ ਵਿੱ;ਚ ਅਸਫ਼ਲ ਰਹਿੰਦਾ ਹੈ ਤਾਂ ਉਸਨੂੰ ਸ਼ਾਇਦ ICICI ਬੈਂਕ ਤੋਂ ਦੇਣਦਾਰੀ ਝੱਲਣੀ ਪੈ ਧਕਦੀ ਹੈ । ICICI ਬੈਂਕ, ਆਪਣੇ ਇੱਕਮਾਤਰ ਇਖਤਿਆਰ ਵਿੱਚ, ਮੌਜੂਦਾ ਕਾਰਡ 'ਤੇ ਇੱਕ ਨਵਾਂ APIN ਜਾਰੀ ਕਰੇਗਾ । ਇਸ ਵਿੱਚ ਬਿਆਨ ਕੀਤੇ ਗਏ ਅਤੇ ਸਮੇਂ 'ਤੇ ICICI ਬੈਂਕ ਵੱਲੋਂ ਨਿਰਧਾਰਕ ਕੀਤੇ ਪ੍ਰਾਵਧਾਨਾਂ ਦੇ ਅਧੀਨ, ਕਾਰਡ ਮੈਂਬਰ ICICI ਬੈਂਕ ਨੂੰ ਕਾਰਡ ਅਤੇ/ਜਾਂ APIN ਦੀ ਕਿਸੇ ਅਣਉਚਿਤ/ਧੋਖੇਪੂਰਨ/ਅਣਅਧਿਕਾਰਤ/ਗਲਤ ਵਰਤੋਂ ਲਈ ਜ਼ਿੰਮੇਵਾਰ ਨਹੀਂ ਠਹਿਰਾਏਗਾ । ICICI ਬੈਂਕ ਕਿਸੇ ਤੀਜੀ ਧਿਰ ਦੇ ਹੱਥਾਂ ਵਿੱਚ ਕਾਰਡ ਆ ਜਾਣ ਕਰਕੇ ਜਾਂ ਕਿਸੇ ਤੀਜੀ ਧਿਰ ਦੀ ਜਾਣਕਾਰੀ ਵਿੱਚ APIN ਦੇ ਆ ਜਾਣ ਕਾਰਨ ਕਾਰਡ ਦੀ ਵਰਤੋਂ/ਦੁਰਵਰਤੋਂ ਨਾਲ ਜੁੜੇ ਕੋਈ ਸਿੱਟਿਆਂ ਲਈ ਜ਼ਿੰਮੇਵਾਰ ਨਹੀਂ ਹੋਵੇਗਾ । ਜੇ ਕੋਈ ਤੀਜੀਆਂ ਧਿਰਾਂ ਕਾਰਡ ਅਕਾਉਂਟ ਸਮੇਤ, ਸੇਵਾਵਾਂ ਤੱਕ ਪਹੁੰਚ ਪ੍ਰਾਪਤ ਕਰ ਲੈਂਦੀਆਂ ਹਨ, ਤਾਂ ਕਾਰਡ ਮੈਂਬਰ ਜ਼ਿੰਮੇਵਾਰ ਹੋਵੇਗਾ ਅਤੇ ਅਜਿਹੀ ਪਹੁੰਚ

ਅਤੇ ਵਰਤੋਂ 'ਤੇ ਅਧਾਰਤ ਜਾਂ ਇਸ ਨਾਲ ਸਬੰਧਤ ਜਾਂ ਓਦਾਂ ਤੀਜੀਆਂ ਧਿਰਾਂ ਵੱਲੋਂ ਕਿਸ ਅਜਿਹੀ ਦੁਰਵਰਤੋਂ/ਵਰੋਂ ਕਾਰਨ ਪੈਣ ਵਾਲੀ ਕੋਈ ਜ਼ਿਮੇਵਾਰੀ, ਖਰਚਿਆਂ ਜਾਂ ਨੁਕਸਾਨਾਂ ਲਈ ICICI ਬੈਂਕ ਦੀ ਹਾਨੀਪੂਰਤੀ ਕਰੇਗਾ।

**V. ਉਲੰਘਣਾ ਅਤੇ ਖਾਤਮਾ/ਵਾਪਸੀ**

(a) ਉਲੰਘਣਾ: ਕਿਸੇ ਕਾਰਡ ਮੈਂਬਰ ਵੱਲੋਂ ਇਹਨਾਂ ਨਿਯਮਾਂ ਅਤੇ ਸ਼ਰਤਾਂ ਵਿੱਚੋਂ ਕਿਸੇ ਦੀ ਉਲਘੰਣਾ ਦੀ ਸੂਰਤ ਵਿੱਚ;

(i) ਇਹਨਾਂ ਨਿਯਮਾਂ ਅਤੇ ਸ਼ਰਤਾਂ ਦੇ ਕਿਸੇ ਹੋਰ ਪ੍ਰਾਵਧਾਨ ਦੇ ਬਾਵਜੂਦ ਕਾਰਡ ਮੈਂਬਰ ਅਜਿਹੀ ਕਿਸੇ ਉਲੰਘਣਾ ਦੇ ਸਿੱਟੇ ਵਜੋਂ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਕਿਸੇ ਤਰ੍ਹਾਂ ਦੇ ਨੁਕਸਾਨ ਲਈ ਜ਼ਿੰਮੇਵਾਰ ਹੋਵੇਗਾ;ਅਤੇ (ii) ਕਾਰਡ ਮੈਂਬਰ ICICI ਬੈਂਕ ਨੂੰ, ਮੰਗੇ ਕੀਤੇ ਜਾਣ 'ਤੇ, ਕਾਰਡ ਮੈਂਬਰ ਵੱਲੋਂ ICICI ਬੈਂਕ ਨੂੰ ਪਈ ਸਾਰੀ ਬਕਾਇਆ ਰਕਮ ਦੇਣ ਲਈ ਜ਼ਿੰਮੇਵਾਰ ਹੋਵੇਗਾ, ਭਾਵੇਂ ਮੰਗ ਦੀ ਤਾਰੀਖ 'ਤੇ ICICI ਬੈਂਕ ਨੂੰ ਦੇਣੀ ਬਣਦੀ ਅਤੇ ਭੁਗਤਾਨ ਯੋਗ ਹੋਵੇ ਜਾਂ ਨਾ ਹੋਵੇ।

**(b) ਖਾਤਮਾ/ਮਨਸੂਖੀ:**

ਕਾਰਡ ਮੈਂਬਰ ਕਿਸੇ ਵੀ ਸਮੇਂ ਆਈਸੀਆਈਸੀਆਈ ਬੈਂਕ ਲਿਮਿਟੇਡ, ਆਈਸੀਆਈਸੀਆਈ ਬੈਂਕ ਫ਼ੋਨ ਬੈਂਕਿੰਗ ਸੈਂਟਰ, ਪੀ.ਓ. ਬਾਕਸ ਨੂੰ ੨੦, ਬਣਜਾਗ ਹਿੱਲਸ ਪੀ.ਓ; ਹੈਦਰਾਬਾਦ-੫੦੦੦੩੪, ਭਾਰਤ ਵਿੱਖੇ ਆਈਸੀਆਈਸੀਆਈ ਬੈਂਕ ਨੂੰ ਲਿਖਤੀ ਨੋਟਿਸ ਦੇਕੇ ਕਾਰਡ ਅਕਾਉਂਟ ਨੂੰ ਸਮਾਪਤ ਕਰਨ ਦੀ ਦਰਖ਼ਾਸਤ ਕਰ ਸਕਦਾ ਹੈ।

ਉਪਰੋਕਤ ਕੋਈ ਨੋਟਿਸ ਉਦੋਂ ਤੱਕ ਪ੍ਰਭਾਵ ਵਿੱਚ ਨਹੀਂ ਆਵੇਗਾ ਜਦੋਂ ਤੱਕ ਕਾਰਡ ਦੇ ਸਿਖਰ 'ਤੇ ਸੱਜੇ ਪਾਸੇ ਵਾਲੇ ਕੋਨੇ ਨੂੰ ਕੱਟ ਕੇ ਇਹ ਯਕੀਨੀ ਬਣਾਉਣ ਲਈ ਕਾਰਡ ਦਾ ਰੂਪ ਵਿਗਾੜ ਨਾ ਦਿੱਤਾ ਗਿਆ ਹੋਵੇ ਕਿ ਹੋਲੋਗ੍ਰਾਮ ਅਤੇ ਚੁੰਬਕੀ ਪੱਟੀ ਕੱਟੇ ਗਏ ਹੋਣ (ਕਿਸੇ ਆੱਨਲਾਈਨ ਕ੍ਰੈਡਿਟ ਕਾਰਡ ਦੇ ਮਾਮਲੇ ਤੋਂ ਛੁੱਟ), ਅਤੇ ਇਹ ICICI ਬੈਂਕ ਨੂੰ ਮਿਲ ਨਾ ਗਿਆ ਹੋਵੇ। ਉੱਪਰ ਕਥਿਤ ਨੂੰ ਛੱਡ ਕੇ, ਨਾ ਤਾਂ ਕਾਰਡ ਅਕਾਊਂਟ ਅਤੇ ਨਾ ਹੀ ਕਾਰਡ ਨੂੰ ਮੈਂਬਰ ਦੁਆਰਾ ਖਰਮ ਕੀਤਾ ਜਾ ਸਕਦਾ ਹੈ।

(ii) ਜੇ ਕਿਸੇ ਸੂਰਤ ਵਿੱਚ ਕਾਰਡ ਮੈਂਬਰ ਵੱਲੋਂ ਕਾਰਡ ਨੂੰ ਨਸ਼ਟ ਕੀਤੇ ਜਾਣ ਦੇ ਦਾਅਵੇ ਤੋਂ ਬਾਅਦ ਕੋਈ ਖਰਚੇ ਪੈਂਦੇ ਹਨ, ਤਾਂ ਕਾਰਡ ਮੈਂਬਰ ਪੂਰੀ ਤਰ੍ਹਾਂ ਕਾਰਡ 'ਤੇ ਪਏ ਖਰਚਿਆਂ ਲਈ ਜ਼ਿੰਮੇਵਾਰ ਹੋਵੇਗਾ, ਭਾਵੇਂ ਇਹ ਦੁਰਵਰਤੋਂ ਦਾ ਨਤੀਜਾ ਹੋਣ ਜਾਂ ਨਾ ਹੋਣ ਅਤੇ ਭਾਵੇਂ ICICI ਬੈਂਕ ਨੂੰ ਕਾਰਡ ਦੇ ਨਸ਼ਟ ਕਰਨ ਦੀ ਸੂਚਨਾ ਦੇ ਦਿੱਤੀ ਗਈ ਹੋਵੇ ਜਾ ਨਾ ਦਿੱਤੀ ਹੋਵੇ।

(iii) ICICI ਬੈਂਕ ਕਿਸੇ ਵੀ ਵੇਲੇ, ਬਗੈਰ ਕਿਸੇ ਸੂਚਨਾ ਦੇ ਵਿਆਪਤ ਪਰਿਸਥਿਤੀਆਂ ਦੇ ਅਨੁਸਾਰ ਅਪਣੇ ਪੂਰੇ ਅਧਿਕਾਰਾਂ ਦਾ ਉਪਯੋਗ ਕਰਦੇ ਹੋਏ, ਕਿਸੇ ਵੀ ਕਾਰਡ-ਧਾਰਕ ਸਦੱਸ ਦਾ ਕਾਰਡ ਖਾਤਾ ਅਤੇ ਕਾਰਡ - ਦੋਵੇਂ ਰੱਦ ਕਰ ਸਕਦਾ ਹੈ। ਕਾਰਡ-ਧਾਰਕ ਸਦੱਸ ਸਪਸ਼ਟ ਤੌਰ ਤੇ ਮੱਨਦਾ ਅਤੇ ਸਵੀਕਾਰ ਕਰਦਾ ਹੈ ਕਿ, ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਦੇ ਤਹਤ, ਜੇਕਰ ਇਸ ਕਾਰਡ-ਧਾਰਕ ਸਦੱਸ ਦੇ ICICI ਬੈਂਕ ਵਿਚ ਦੋ ਜਾਂ ਉਸਤੋਂ ਵੱਧ ਕਾਰਡ ਵਾਲੇ ਖਾਤੇ ਹਨ ਅਤੇ ਇਨ੍ਹਾਂ ਵਿੱਚੋਂ ਕਿਸੇ ਇਕ ਖਾਤੇ ਦੇ ਤਹਤ ICICI ਦੀ ਬਕਾਇਆ ਰਾਸ਼ੀ ਦਾ ਭੁਗਤਾਨ ਰੋਕਦਾ ਹੈ, ਤਾਂਹ ਇਸ ਬੈਂਕ ਨੂੰ ਅਪਣੇ ਬੈਂਕ ਦੇ ਦੂਜੇ ਸਾਰੇ ਕਾਰਡ ਖਾਤਿਆਂ ਵਿੱਚੋਂ ਕਾਰਡ-ਧਾਰਕ ਲਈ ਉਪਲਬਧ ਕਰਾਈ ਗਈ ਕ੍ਰੇਡਿਟ ਲਿਮਿਟ ਨੂੰ ਰੱਦ ਕਰਨ ਅਤੇ ਸਾਰੇ ਕਾਰਡ ਖਾਤਿਆਂ ਵਿੱਚੋਂ ਸੁਵਿਧਾਵਾਂ/ਲਾਭਾਂ ਨੂੰ ਰੋਕਨ ਦਾ ਅਧਿਕਾਰ ਹੈ, ਜਦੋਂ ਤਕ ਰੋਕੀ ਗਈ ਰਾਸ਼ੀ ਦਾ ਭੁਗਤਾਨ ਕਾਰਡ-ਧਾਰਕ ਦੁਆਰਾ ਠੀਕ ਤਰੀਕੇ ਨਾਲ ਨਾ ਕਰ ਦਿੱਤਾ ਜਾਵੇ। ਕਾਰਡ-ਧਾਰਕ ਸਦੱਸ ਇਹ ਵੀ ਮੱਨਦਾ ਅਤੇ ਸਵੀਕਾਰ ਕਰਦਾ ਹੈ ਕਿ ICICI ਬੈਂਕ ਨੂੰ ਉੱਪਰ ਦੱਸੀ ਗਈ ਕਾਰਵਾਈ ਕਰਨ ਲਈ ਕੋਈ ਵੀ ਅਤਿਰਿਕਤ ਸੂਚਨਾ ਦੇਨ ਦੀ ਲੋੜ ਨਹੀਂ ਹੈ।

(iv) ਕਾਰਡ ਅਕਾਉਂਟ ਦੇ ਖਤਮ ਹੋਣ ਅਤੇ ICICI ਬੈਂਕ ਅਤੇ ਕਾਰਡ ਮੈਂਬਰ ਵਿਚਾਲੇ ਕਿਸੇ ਪਹਿਲੇ ਸਮਝੌਤੇ ਦੇ ਬਾਵਜੂਦ: (a) ਓਦੋਂ ਬਕਾਏ ਸਾਰੇ ਖਰਚਿਆਂ ਦਾ ਕੁੱਲ ਜੋੜ, ਭਾਵੇਂ ਸਟੇਟਮੈਂਟ ਵਿੱਚ ਪਹਿਲਾਂ ਤੋਂ ਦਰਸਾਇਆ ਗਿਆ ਹੋਵੇ ਜਾਂ ਨਾ ਅਤੇ, (b) ਖਾਤਮੇ ਮਗਰੋਂ ਸਹੇੜੇ ਗਏ ਕਿਸੇ ਵਾਲੰਟਰੀ ਖਰਚਿਆਂ ਦੀ ਰਾਸ਼ੀ (ਸਬੰਧਤ ਟ੍ਰਾਂਜ਼ੈਕਸ਼ਨ ਹਦਾਇਤ ਦੀ ਤਾਰੀਖ ਤੋਂ ਲੈਕੇ), ਤੁਰੰਤ ਬਕਾਇਆ ਬਣ ਜਾਵੇਗਾ ਅਤੇ ਕਾਰਡ ਮੈਂਬਰ ਵੱਲੋਂ ਅਦਾਇਗੀਯੋਗ ਹੋਵੇਗਾ ਜਿਵੇਂ ਕਿ ਇਹ ਇੰਝ ਦਿਖਾਏ ਗਏ ਮਨ, ਅਤੇ ਇਸ ਤੋਂ ਤੁਰੰਤ ਬਾਅਦ ਸਮੇਂ 'ਤੇ ਲਾਗੂ ਹੁੰਦਾ ਵਿਆਜ ਜੁੜੇਗਾ।

(v) ICICI ਬੈਂਕ, ਆਪਣੇ ਇੱਕਮਾਤਰ ਇਖ਼ਤਿਆਰ 'ਤੇ, ਕਿਸੇ ਵੀ ਸਮੇਂ ਬਿਨਾ ਕੋਈ ਨੋਟਿਸ ਦਿੱਤੇ ਜਾਂ ਇਸਦਾ ਕੋਈ ਕਾਰਨ ਦੱਸੇ,

ਆਰਜ਼ੀ ਜਾਂ ਸਥਾਈ ਤੌਰ 'ਤੇ, ਕਾਰਡ 'ਤੇ ਵਿਸ਼ੇਸ਼ ਅਧਿਕਾਰ ਵਾਪਸ ਲੈਣ ਅਤੇ/ਜਾਂ ਕਾਰਡ ਨੂੰ ਰੱਦ ਕਰਨ ਦਾ ਅਧਿਕਾਰ ਰਾਖਵਾਂ ਰਖਦਾ ਹੈ। ਆਰਜ਼ੀ ਤੌਰ 'ਤੇ ਕਾਰਡ ਵਾਪਸ ਲਏ ਜਾਣ ਦੀ ਮਾਮਲੇ ਵਿੱਚ, ICICI ਬੈਂਕ ਵੱਲੋਂ ਆਪਣੇ ਇੱਕਮਾਤਰ ਇਖ਼ਤਿਆਰ 'ਤੇ ਵਿਸ਼ੇਸ਼ ਅਸਿਕਾਰ ਮੁੜ ਲਾਗੂ ਕੀਤੇ ਜਾ ਸਕਦੇ ਹਨ। ਕਿਸੇ ਸਥਾਈ ਵਾਪਸੀ ਦੇ ਮਾਮਲੇ ਵਿੱਚ, ICICI ਬੈਂਕ ਨੂੰ ਸਥਾਈ ਰੂਪ ਵਿੱਚ ਕਾਰਡ ਮੈਂਬਰ ਦੀ ਮੈਂਬਰਸ਼ਿਪ ਰੱਦ ਕਰ ਦੇਣ ਦਾ ਅਧਿਕਾਰ ਹੈ। ਹਾਲਾਂਕਿ, ਇਹ ਵਿਸ਼ੇਸ਼ ਰੂਪ ਵਿੱਚ ਸਪਸ਼ਟ ਕਰ ਦਿੱਤਾ ਜਾਂਦਾ ਹੈ ਕਿ ਵਾਪਸੀ (ਆਰਜ਼ੀ ਜਾਂ ਸਥਾਈ) ਦੇ ਨਾਲ ਕਾਰਡ ਨਾਲ ਜੁੜੇ ਸਾਰੇ ਸਬੰਧਤ ਲਾਭਾਂ, ਵਿਸ਼ੇਸ਼ ਅਧਿਕਾਰਾਂ ਅਤੇ ਮੇਵਾਵਾਂ ਦੀ ਆਪਣੇ ਆਪ ਵਾਪਸੀ ਹੋ ਜਾਵੇਗੀ। ਅਜਿਹੀ ਆਰਜ਼ੀ ਜਾਂ ਸਥਾਈ ਵਾਪਸੀ ਦੀ ਸਥਿਤੀ ਵਿੱਚ, ਕਾਰਡ ਮੈਂਬਰ ਅਜਿਹੀ ਕਿਸੇ ਵਾਪਸੀ ਤੋਂ ਪਹਿਲਾਂ ਹੋਰ ਸਾਰੇ ਲਾਗੂ ਹੁੰਦੇ ਖ਼ਰਚਿਆਂ ਕਾਰਡ 'ਤੇ ਪਏ ਸਾਰੇ ਖ਼ਰਚਿਆਂ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਰਹੇਗਾ, ਬਸ਼ਰਤੇ ਓਦਾਂ ICICI ਬੈਂਕ ਵੱਲੋਂ ਨਿਸ਼ਚਿਤ ਕੀਤਾ ਗਿਆ ਹੋਵੇ।

ਕਾਰਡ ਨੂੰ ਵਾਪਸ ਲਿਆ ਜਾ ਸਕਦਾ ਹੈ ਅਤੇ ਕਾਰਡ ਅਕਾਊਂਟ ਨੂੰ ਕਿਸੇ ਸਮੇਂ ਕਾਰਡ ਉੱਪਰ ਉਭਰੇ ਹੋਏ ਰੂਪ ਵਿੱਚ ਛਪੀ ਵੈਧਤਾ ਮਿਆਦ ਦੇ ਹਵਾਲੇ ਤੋਂ ਬਿਨਾ ਬੰਦ ਕੀਤਾ ਜਾ ਸਕਦਾ ਹੈ। ਕਾਰਡ ਮੈਂਬਰ ਬੈਂਕ ਵੱਲੋਂ ਮੰਗ ਕੀਤੇ ਜਾਣ 'ਤੇ ICICI ਬੈਂਕ ਜਾਂ ਇਸਦੇ ਨੁਮਾਇੰਦੇ ਨੂੰ ਕਾਰਡ ਸੌਂਪਣ ਲਏ ਸਹਿਮਤੀ ਜਤਾਉਂਦਾ ਹੈ । ਕਾਰਡ ਦੇ ਵਿਸ਼ੇਸ਼ ਅਧਿਕਾਰ ਦੀ ਵਾਪਸੀ ਦੀ ਸੂਚਨਾ ਮਗਰੋਂ ਕਾਰਡ ਦੀ ਵਰਤੋਂ ਕਰਨਾ ਧੋਖਾਧੜੀ ਹੈ ਅਤੇ ਇਸ 'ਤੇ ਕਾਰਡ ਮੈਂਬਰ ਉੱਪਰ ਕਾਨੂੰਨੀ ਕਾਰਵਾਈਆਂ ਲਾਗੂ ਹੁੰਦੀਆਂ ਹਨ।

## VI. ਖਰਚੇ ਅਤੇ ਭੁਗਤਾਨ

ਖਰਚੇ ਹੇਠ ਲਿਖਿਆਂ ਤੋਂ ਬਣਦੇ ਹਨ:

(A) ਵਾਲੰਟਰੀ ਭਾਵ ਇੱਛਤ ਖਰਚਿਆਂ ਵਿੱਚ ਸ਼ਾਮਲ ਹੋਣਗੇ:

- ਕਿਸੇ ਟ੍ਰਾਂਜ਼ੈਕਸ਼ਨ ਹਿਦਾਇਤ ਦੁਆਰਾ ਕੀਤੀ ਗਈ ਚੀਜ਼ਾਂ ਅਤੇ/ਜਾਂ ਸੇਵਾਵਾਂ ਦੀ ਕਿਸੇ ਖਰੀਦਦਾਰੀ ਦੀ ਰਾਸ਼ੀ;
- ਕਿਸੇ ਟ੍ਰਾਜ਼ੈਕਸ਼ਨ ਹਿਦਾਇਤ ਦੇ ਅਨੁਸਾਰ ਮੁਹੱਈਆ ਕਰਾਈ ਕੋਈ ਨਕਦ ਕਢਵਾਈ ਰਾਸ਼;
- ਕੋਈ ਵੀ ਰਾਸ਼ੀ, ਜੋ ਕਾਰਡ ਮੈਂਬਰ ਨੇ ICICI ਬੈਂਕ ਨੂੰ ਕਿਸੇ ਟ੍ਰਾਂਜ਼ੈਕਸ਼ਨ ਹਿਦਾਇਤ ਦੇ ਨਾਤੇ ਕਾਰਡ ਅਕਾਊਂਟ ਤੋਂ ਡੈਬਿਟ ਕਰਨ ਦੀ ਬੇਨਤੀ ਕੀਤੀ ਹੋਵੇ

(B) ਇਨਵਾਲੰਟਰੀ ਭਾਵ ਅਣਇੱਛਤ ਖਰਚਿਆਂ ਵਿੱਚ ਸ਼ਾਮਲ ਹੋਣਗੇ:

- ICICI ਬੈਂਕ ਵੱਲੋਂ ਕਿਸੇ ਕਾਰਡ ਅਕਾਊਂਟ ਜਾਂ ਕਿਸੇ ਕਾਰਡ ਦੇ ਵਿਸ਼ੇ ਵਿੱਚ ਲਗਾਏ ਗਈ ਫ਼ੀਸ, ਜਿਮ ਵਿੱਚ ਸ਼ਾਮਲ ਹਨ, ਸਲਾਨਾ, ਬਦਲੀ, ਨਵੀਨੀਕਰਣ, ਸੰਚਾਲਨ, ਦੇਰ ਨਾਲ ਭੁਗਤਾਨ ਅਤੇ ਹੋਰ ਫ਼ੀਸਾਂ ਵੀ ਸ਼ਾਮਲ ਹਨ।
- ਸ਼ਾਮਲ ਹੋਣ ਦੀ/ਸਲਾਨਾ ਫ਼ੀਸ ਕਾਰਡ ਅਕਾਊਂਟ ਤੋਂ ਹੀ ICICI ਬੈਂਕ ਦੀਆਂ ਵਰਮਾਨ ਦਰਾਂ 'ਤੇ ਡੈਬਿਟ ਕਰ ਲਏ ਜਾਵੇਗੀ। ਇਹ ਫ਼ੀਸ ਵਾਪਸੀ ਯੋਗ ਨਹੀਂ ਹੋਵੇਗੀ।
- ਮੈਂਬਰਸ਼ਿਪ ਦੇ ਨਵੀਨੀਕਰਣ ਪ੍ਰਤੀ ਇੱਕ ਸਲਾਨਾ ਫ਼ੀਸ ਕਾਰਡ ਮੈਂਬਰ ਵੱਲੋਂ ਕਾਰਡ ਦੀ ਪਹਿਲੀ ਸਾਲਗਿਰ੍ਹਾ ਨੂੰ ਜਾਂ ਇਸ ਤੋਂ ਪਹਿਲਾਂ ਭੁਗਤਾਨ ਯੋਗ ਹੋਵੇਗੀ।
- ICICI ਬੈਂਕ ਵੱਲੋਂ ਸਮੇਂ ਸਮੇਂ 'ਤੇ ਨਿਰਣਾ ਲੋਣ ਮੁਤਾਬਕ ਕੁਝ ਖ਼ਾਸ ਕਿਸਮਾਂ ਦੀਆਂ ਟ੍ਰਾਂਜ਼ੈਕਸ਼ਨ 'ਤੇ ਸਰਵਿਸ ਖ਼ਰਰਚੇ ਲਏ ਜਾ ਸਕਦੇ ਹਨ। ਅਣਇੱਛਤ ਖ਼ਰਚਿਆਂ ਦਾ ਹਿਸਾਬ ਲਗਾਉਣ ਦਾ ਤਰੀਕਾ ਸਮੇਂ-ਸਮੇਂ 'ਤੇ ICICI ਬੈਂਕ ਵੱਲੋਂ ਸੂਚਤ ਕੀਤਾ ਜਾਵੇਗਾ।

(C) ਪ੍ਰਤੱਖ ਗਲਤੀ ਦੀ ਗੈਰਹਾਜ਼ਰੀ ਵਿੱਚ, ICICI ਬੈਂਕ ਦਾ ਕਿਸੇ ਖਰਚੇ, ਜੋ ਉੱਪਰ ਨਿਸ਼ਚਿਤ ਕੀਤਾ ਗਿਆ ਹੈ, ਦੀ ਰਾਸ਼ੀ ਬਾਰੇ ਰਿਕਾਰਡ ਅੰਤਮ ਅਤੇ ਕਾਰਡ ਮੈਂਬਰ ਲਈ ਜ਼ਰੂਰੀ ਹੋਵੇਗਾ, ਅਤੇ ਕਿਸੇ ਅਜਿਹੇ ਮਾਮਲੇਵਿੱਚ ਜਿਥੇ ICICI ਬੈਂਕ ਨੇ ਕਿਸੇ ਵਾਲੰਟਰੀ ਖ਼ਰਚੇ ਦੇ ਅਨੁਸਾਰ ਕੋਈ ਭੁਗਤਾਨ ਪ੍ਰਭਾਵਕ ਕੀਤਾ ਹੈ, ਫ਼ੈਸਲਾਕੁੰਨ ਹੋਵੇਗਾ।

ਸਾਰੇ ਵਿਧਾਨਕ ਟੈਕਸ, ਸਰਵਿਸ ਟੈਕਸ, ਹੋਰ ਸਰੇ ਵਾਧੂ ਭਾਰ ਡਿਊਟੀਆਂ (ਕਾਰਡ ਦੇ ਸਬੰਧ ਵਿੱਚ ਸਟੈਂਪ ਡਿਊਟੀਅਤੇਸਬੰਧਤ ਰਜਿਸਟ੍ਰੇਸ਼ਨ ਖਰਚਿਆਂ ਸਮੇਤ, ਜੇ ਕੋਈ ਹੋਵੇ ਤਾਂ) ਅਤੇ ਟੈਕਸ (ਜਿਸ ਕਿਸੇ ਵੀ ਬਿਓਰੇ ਦੇ) ਜੋ ਕਿ ਸਮੇਂ-ਸਮੇਂ 'ਤੇ ਸਰਕਾਰ ਵੱਲੋਂ ਕਿਸੇ ਹੋਰ ਅਥਾਰਿਟੀ ਵੱਲੋਂ ਕਾਰਡ ਦੇ ਵਿਸ਼ੇ ਵਿੱਚ ਜਾਂ ਸਬੰਧ ਵਿੱਚ ਲਗਾਏ ਜਾ ਸਕਦੇ ਹਨ ।

(D) ਟਾਲੇ ਹੋਏ ਜਾਂ ਸੋਧੇ ਹੋਏ ਖਰਚੇ

(a) ਜੇ ਕਾਰਡ ਮੈਂਬਰ ਨੇ ਕਿਸੇ ਹੋਟਲ, ਕਾਰ ਰੈਂਟਲ ਕੰਪਨੀ, ਜਾਂ ਕਰੂਜ਼ ਲਾਇਨ ਟ੍ਰਾਂਜ਼ੈਕਸ਼ਨ ਜਾਂ ਕਿਸੇ ਟ੍ਰਾਂਜ਼ੈਕਸ਼ਨ ਲਈ ਟਾਲੇ ਹੋਏ ਜਾਂ ਸੋਧੇ ਹੋਏ ਖਰਚਿਆਂ ਹੋਣ ਦੀ ਸਹਿਮਤੀ ਹੋਵੇ ਤਾਂ ਕੋਈ ਮਰਚੈਂਟ ਟਾਲੇ ਹੋਏ ਜਾਂ ਸੋਧੇ ਖਰਚਿਆਂ ਦੀ ਕਾਰਵਾਈ ਕਰ ਸਕਦਾ ਹੈ।

(b) ਕਿਸੇ ਟਾਲੇ ਹੋਏ ਜਾਂ ਸੋਧੇ ਖਰਚੇ ਦੀ ਕਾਰਵਾਈ ਸਬੰਧਤ ਟ੍ਰਾਂਜ਼ੈਕਸ਼ਨ ਦੀ ਟ੍ਰਾਂਜ਼ੈਕਸ਼ਨ ਤਾਰੀਖ ਦੇ 90 ਕੈਲੰਡਰ ਦਿਨਾਂ ਦੇ ਅੰਦਰ ਅੰਦਰ ਕੀਤੀ ਜਾਵੇਗੀ।

(c) ਇਹਨਾਂ ਟ੍ਰਾਂਜ਼ੈਕਸ਼ਨਾਂ ਵਿੱਚ ਕਮਰਾ, ਖਾਣ-ਪੀਣ ਦੇ ਖਰਚੇ, ਟੈਕਸ, ਪੀਂਪਣ, ਝੀਮਾ, ਹੈਂਟਲ ਫ਼ੀਸ, ਹੈਂਟਲ ਵਾਹਨਾਂ ਨੂੰ ਨੁਕਸਾਨ, ਪਾਰਕਿੰਗ ਟਿਕਟਾਂ ਅਤੇ ਹੋਰ ਟ੍ਰੈਫ਼ਿਕ ਉਲੰਘਣਾਵਾਂ, ਅਤੇ ਕਰੂਜ਼ ਲਾਈਨ ਜਹਾਜ਼ 'ਤੇ ਵਿਦੇਸ਼ ਵਿੱਚ ਖਰੀਦੀਆਂ ਗਈਆਂ ਚੀਜ਼ਾਂ ਅਤੇ ਸੇਵਾਵਾਂ ਸ਼ਾਮਲ ਹੋ ਸਕਦੀਆਂ ਹਨ।

(e) ਵਿਦੇਸ਼ੀ ਮੁਦਰਾ ਵਿੱਚ ਖਰਚੇ

ਅੰਤਰਰਾਸ਼ਟਰੀ ਰੂਪ ਵਿੱਚ ਜਾਇਜ਼ਕਾਰਡਾਂ ਦੀ ਬਜਾਏ ਹੋਰ ਕਾਰਡਾਂ ਦੇ ਸਬੰਧ ਵਿੱਚ, ICICI ਬੈਂਕ ਨੇਪਾਲ ਅਤੇ ਭੂਟਾਨ ਤੋਂ ਇਲਾਵਾ ਹੋਰਨਾਂ ਦੇਸ਼ਾਂ ਵਿੱਚ ਵਿਦੇਸ਼ੀ ਮੁਦਰਾ ਵਿੱਹ ਪਏ ਖਰਚਿਆਂ ਦੇ ਵਿਸ਼ੇ ਵਿੱਚ ਇਹਨਾਂ ਦੀ ਜਾਣਕਾਰੀ ਲੈਣ ਲਈ, ਅਤੇ ਕਿਸੇ ਵੀ ਢੰਗ ਨਾਲ ਇਸ ਦੀ ਜ਼ਿੰਮੇਵਾਰੀ ਲੈਣ ਲਈ ਪ੍ਰਤਿਬੰਸਿਤ ਨਹੀਂ ਹੋਵੇਗਾ। ਉਪਰੋਕਤ ਪ੍ਰਤੀ ਕਿਸੇ ਪੱਖਪਾਤ ਤੋਂ ਬਿਨਾ, ICICI ਬੈਂਕ ਲੱਲੋਂ ਅਜਿਹੇ ਖਰਚਿਆਂ ਦਾ ਕੋਈ ਵੀ ਭੁਗਤਾਨ, ਕਾਰਡ ਮੈਂਬਰ ਨੂੰ ਪੂਰੇ ਆਸਰੇ ਨਾਲ ਹੋਵੇਗਾ, ਅਤੇ ਇਸਨੂੰ ICICI ਬੈਂਕ ਵੱਲੋਂ ਅਜਿਹੇ ਖਰਚੇ ਪੈਣ ਜਾਂ ਇਸਦੇ ਭੁਗਤਾਨਾਂ ਦੇ ਸਬੰਧ ਵਿੱਚ ਕਾਰਡ ਮੈਂਬਰ ਨੂੰ ਕਿਸੇ ਜ਼ਿੰਮੇਵਾਰੀ ਤੋਂ ਮੁਕਤ ਕਰਨ ਵਜੋਂ ਨਹੀਂ ਸਮਝਿਆ ਜਾਵੇਗਾ ICICI ਬੈਂਕ ਨੂੰ ਪੂਰੀ ਤਰ੍ਹਾਂ ਕਾਨੂੰਨੀ ਜ਼ਿੰਮੇਵਰੀ ਤੋਂ ਮੁਕਤ ਹੋਵੇਗਾ ਅਤੇ ਕਾਰਡ ਮੈਂਬਰ ਵੱਲੋਂ, ਅਜਿਹੀਹਾ ਅਦਾਇਗੀਆਂ ਵਿਰੁਸ ਨੁਕਸਾਨਰਹਿਤ ਠਹਿਰਾਇਆ ਜਾਵੇਗਾ।

(f) ਰੇਲਵੇ ਨਾਲ ਟ੍ਰਾਂਜ਼ੈਕਸ਼ਨ

ਜਦੋਂ ਕਿਸੇ ਕ੍ਰੈਡਿਟ ਕਾਰਡ ਨਾਲ ਕੋਈ ਟਿਕਟ ਬੁੱਕ ਕੀਤੀ ਜਾਂਦੀ ਹੈ ਤਾਂ ਕਾਰਡ ਮੈਂਬਰ ਨੂੰ ਟਿਕਟ ਦੀ ਖਰੀਦ ਲਏ ਭੁਗਤਾਨ ਕਰਨਾ ਪਏਗਾ, ਜੇ ਲਾਗੂ ਹੋਵੇ ਤਾਂ, ਤਾਂ ਇਸ ਉਪਰ ਕੋਈ ਵਾਧੂ ਖਰਚੇ ਲੱਗ ਸਕਦੇ ਹਨ। ਬਾਅਦ ਵਿੱਚ ਰੱਦ ਕਰਵਾ ਤਿ ਗਈ ਕਿਸੇ ਟਿਕਟ ਲਈ ਰਕਮ ਸਿਰਫ਼ ਉਦੋਂ ਹਹੀ ਕਾਰਡ ਅਕਾਊਂਟ ਵਿੱਚ ਜਮ੍ਹਾਂ ਕੀਤੀ ਜਾਵੇਗੀ (ਰੱਦ ਕਰਨ ਦੇ ਖਰਚਿਆਂ ਨੂੰ ਰੱਟ ਕੇ) ਜਦੋਂ ਇਸਧ ਦੇ ਲਈ ਕ੍ਰੈਡਿਟ ICICI ਬੈਂਕ ਨੂੰ ਮਿਲ ਜਾਵੇਗਾ। ਹਾਲਾਂਕਿ, ਕਾਰਡ ਮੈਂਬਰ ਵੱਲੋਂ, ਰੱਦ ਕਰਨ ਦੀ ਤਾਰੀਖ ਤੋਂ 150 ਦਿਨਾਂ ਦੇ ਅੰਦਰ-ਅੰਦਰ ਖਰੀਦ ਦੀ ਤਾਰੀਖ, ਰੱਦ ਕਰਨ ਦੀ ਤਾਰੀਖ ਅਤੇ ਸਟੇਟਮੈਂਟ ਦੀ ਇੱਕ ਕਾਪੀ ਜਿਸ ਵਿੱਚ ਟਿਕਟਾਂ ਦੀ ਖਰੀਦ ਲਏ ਉਧਾਰ ਦਿਖਾਇਆ ਗਿਆ ਹੈ ਆਦਿ ਬਾਰੇ ਪੁਸ਼ਟੀ ਕਰਦੀ ਇੱਕ ਚਿੱਠੀ ਦੇ ਨਾਲ ICICI ਬੈਂਕ ਨੂੰ ਖਰਚੇ ਦੀ ਪਰਚੀ ਸਫਲਤਾ ਪੂਰਵਕ ਜਮ੍ਹਾਂ ਕਰਾਉਣ 'ਤੇ, ਕ੍ਰੈਡਿਟ ਕਾਰਡ ਮੈਂਬਰ ਦੇ ਕਾਰਡ ਅਕਾਊਂਟ ਵਿੱਚ ਪਾ ਦਿਤਾ ਜਾਵੇਗਾ। ਲਾਗੂ ਹੁੰਦੀ ਟ੍ਰਾਂਜ਼ੈਕਸ਼ਨ ਫ਼ੀਸ ਲਗਾਇ ਜਾਵੇਗੀ।

(g) ਫ਼ਿਊਲ ਭਾਵ ਈੱਧਣ ਸਟੇਸ਼ਨਾਂ

ਜਦ ਕਾਰਡ ਹੋਲਡਰ ਫ਼ਿਊਇਲ ਦੀ ਲਾਗਤ ਭੁਗਤਾਉਣ ਲਈ ਕਾਰਡ ਦੀ ਵਰਤੋਂ ਕਰਦਾ ਹੋ, ਤਾਂ ਉਸ 'ਤੇ ਟੈਰਿਫ਼ ਅਨੈਕਸਚਰ ਵਿੱਚ ਬਿਆਨ ਕੀਤੇ ਗਏ ਆਨੁਸਾਰ ਲੈਣ-ਦੇਣ ਦੀ ਫ਼ੀਸ ਦਾ ਚਾਰਜ ਲਗਾਇਆ ਜਾਏਗਾ।

(h) ਕਾਰਡ ਹੋਲਡਰ ਕ੍ਰੈਡਿਟ ਕਾਰਡ ਦੀ ਵਰਤੋਂ ਕਰਨ ਨਾਲ ਚਾਰਜ ਖ਼ਰਚ ਕੀਤੇ ਜਾਣ ਦੇ ਸਮੇਂ ਤੋਂ ਹੀ ਦੇਣਦਾਰ ਹੋ ਜਾਏਗਾ। ਜੇ ਅਦਾ ਕਰਨ ਦੀ ਦੇਣਯੋਗ ਤਾਰੀਖ਼ ਨੂੰ ਕੋਈ ਵੀ ਰਕਣ ਅਣ ਭੁਗਤਈ ਬਾਕੀ ਹੈ (ਬਿੱਲ ਕੀਤੀ ਗਈ ਹੈ ਤੇ ਭਾਵੇਂ ਨਹੀਂ), ਤਾਂ ਟੈਰਿਫ਼ ਅਨੈਰਸਚਰ ਵਿਚ ਨਿਰਧਾਰਿਤ ਕੀਤੇ ਅਨੁਸਾਰ ਐਸੀ ਬਕਾਇਆ ਰਕਮ ਉੱਤੇ ਐਸੇ ਚਾਰਜ ਲਗਾਏ ਜਾਣਗੇ। ਚਾਰਜ ਨੂੰ ਔਸਤ ਰੋਜ਼ਾਨਾ ਬਕਾਇਆ ਦੇ ਤਰੀਕੇ ਨਾਲ ਗਿਣਿਆ ਜਾਂਦਾ ਹੈ ਅਤੇ ਹੇਠਲੀਆਂ ਭਾਰੀਖਾਂ ਵਿੱਚੋਂ ਕਿਸੇ 'ਤੋਂ ਵੀ ਲਗਾਇਆ ਜਾਏਗਾ:

- ਜਿੱਥੇ ਚਾਰਜ ਵਸਤੂਆਂ ਜਾਂ ਸੇਵਾਵਾਂ ਨੂੰ ਖ਼ਰੀਦਣ ਸੰਬੰਧੀ ਹੋਵੇ, ਜਿਸ ਤਾਰੀਖ਼ ਤੋਂ ਇਹ ICICI ਬੈਂਕ ਦੇ ਰਿਕਾਰਡਾਂ ਵਿੱਚ ਸ਼ਾਮਲ ਕੀਤਾ ਜਾਂਦਾ ਹੈ।

- ਜਿਥੇ ਚਾਰਜ ਨਕਦੀ ਕਢਾਉਣ ਸੰਬੰਧੀ ਹੋਵੇ, ਪੈਸ ਕਢਾਉਣ ਦੀ ਐਸੀ ਤਾਰੀਖ਼ ਲੈਕੇ ICICI ਬੈਂਕ ਦੁਆਰਾ ਭੁਗਤਾਨ ਦੀ ਵਸੂਲੀ ਦੀ ਤਾਰੀਖ਼ ਤਕ।

(I) ਸਟੇਟਮੈਂਟ ਵਿੱਚ ਦੱਸੇ ਗਏ ਮੁਤਾਬਕ, ਭੁਗਤਾਨ ਦੀ ਦੇਣਯੋਗ ਤਾਰੀਖ ਨੂੰ ਜਾਂ ਇਸ ਤੋਂ ਪਹਿਲਾਂ ਸਾਰੇ ਖਰਚਿਆਂ ਦਾ ਭੁਗਤਾਨ ਤੁਰੰਤ ਕਰਨ ਦੀ ਕਾਰਡ ਮੈਂਬਰ ਦੀ ਜ਼ਿੰਮੇਵਾਰੀ ਨਾਲ ਬਿਨਾ ਕਿਸੇ ਪੱਖਪਾਤ ਤੋਂ, ਕਾਰਡ ਮੈਂਬਰ ਭੁਗਤਾਨ ਦੀ ਦੇਣਯੋਗ ਤਾਰੀਖ ਨੂੰ ਜਾਂ ਇਸ ਤੋਂ ਪਹਿਲਾ ਸਿਰਫ਼ ਸਟੇਟਮੈਂਟ ਵਿੱਚ ਦਰਸਾਈ ਗਈ ਘੱਟੋ-ਘੱਟ ਦੇਣਯੋਗ ਰਾਸ਼ੀ (MAD) ਦਾ ਹੀ ਭੁਗਤਾਨ ਕਰਨ ਦੇ ਵਿਕਲਪ ਦੀ ਵਰਤੋਂ ਕਰਨ ਦਾ ਫ਼ੈਸਲਾ ਕਰ ਸਕਦਾ ਹੈ। MAD ਕੁੱਲ ਦੇਣਯੋਗ ਰਾਸ਼ੀ ਦਾ 5%, ਜਾਂ ਅਜਿਹੀ ਕੋਈ ਹੋਰ ਰਾਸ਼ੀ ਹੋਵੇਗੀ ਜਿਸਦਾ ਫ਼ੈਸਲਾ ICICI ਬੈਂਕ ਵੱਲੋਂ ਆਪਣੇ ਇੱਕਮਾਤਰ ਇਖਤਿਆਰ ਵਿੱਚ ਕੀਤਾ ਜਾਵੇਗਾ। ਜੇਕਰ ਪਿਛਲੀਆਂ ਸਟੇਟਮੈਂਟਾਂ ਦੀ ਕੋਈ ਅਣਭੁਗਤਾਈ MAD ਪਈ ਹੈ, ਤਾਂ ਇਹ ਵੀ ਮੌਜੂਦਾ ਸਟੇਟਮੈਂਟ ਦੀ MAD ਵਿੱਚ ਜੋੜ ਦਿੱਤੀ ਜਾਵੇਗੀ। ਜੇ ਕੁੱਲ ਬਕਾਇਆ ਕ੍ਰੈਡਿਟ ਲਿਮਿਟ ਨਾਲੋਂ ਵਧੇਰੇ ਖੜ੍ਹਾ ਹੈ, ਤਾਂ ਜਿੰਨੀ ਰਾਸ਼ੀ ਕ੍ਰੈਡਿਟ ਲਿਮਿਟ ਨਾਲੋਂ ਵੱਧ ਗਈ ਹੈ, ਉਹ ਵੀ MAD ਵਿੱਚ ਸ਼ਾਮਲ ਕਰ ਦਿੱਤੀ ਜਾਵੇਗੀ। ਜੇ ਕਾਰਡ ਮੈਂਬਰ ਦੀ ਕਢਵਾਈ ਗਈ ਨਕਦ ਰਕਮ ਉਸ ਦੀ ਕੈਸ਼ ਲਿਮਿਟ ਨਾਲੋਂ ਵੱਧ ਜਾਂਦੀ ਹੈ ਤਾਂ ਉਸ ਦੀ MAD ਜਾਂ ਤਾਂ ਕੁੱਲ ਦੇਣਯੋਗ ਰਾਸ਼ੀ ਦਾ 5% ਜਾਂ ਉਹ ਰਾਸ਼ੀ ਹੋਵੇਗੀ ਜਿੰਨੀ ਕਾਰਡ ਮੈਂਬਰ ਦੀ ਕੈਸ਼ ਲਿਮਿਟ ਨਾਲੋਂ ਵੱਧ ਗਈ ਹੈ, ਦੋਹਾਂ ਵਿੱਚੋਂ ਜੋ ਵੀ ਵੱਧ ਹੋਵੇ। ਉਹਨਾਂ ਮਾਮਲਿਆਂ ਵਿੱਚ ਜਿਥੇ ਸਿਰਫ਼ MAD ਦਾ ਭੁਗਤਾਨ ਕੀਤਾ ਗਿਆ ਹੈ, ਟ੍ਰਾਂਜ਼ੈਕਸ਼ਨਾਂ ਤਾਰੀਖ ਤੋਂ ਕੁੱਲ ਬਕਾਇਆ ਰਾਸ਼ੀ ਦੀ ਬਾਕੀ ਬਚਦੀ ਰਕਮ ਉੱਪਰ ਵਿਆਜ ਲਗਾਇਆ ਜਾਵੇਗਾ। ਜਿਥੇ ਕਾਰਡ ਮੈਂਬਰ ਵੱਲੋਂ ਸਿਰਫ਼ MAD ਦਾ ਭੁਗਤਾਨ ਕਰਨ ਦੇ ਕਿਸੇ ਵਿਕਲਪ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਇਹੀ ਹੇਠਾਂ ਲਿਖੀਆਂ ਨਿਯਮਾਂ ਅਤੇ ਸ਼ਰਤਾਂ ਦੇ ਅਧੀਨ ਹੋਵੇਗਾ:

(a) ਸਟੇਟਮੈਂਟ ਦੇ ਪ੍ਰਾਪਤ ਹੋਣ'ਤੇ, ਕਾਰਡ ਮੈਂਬਰ ਅੱਗੇ ਦਿੱਤੇ ਤਰੀਕਿਆਂ, ਨਕਦੀ, ਚੈਂਕ, ਡ੍ਰਾਫ਼ਟ, ਦੁਆਰਾ, ਇਨਫ਼ਿਨਿਟੀ ਰਾਹੀਂ, ਜਾਂ ਭੁਗਤਾਨ ਹਦਾਇਤਾਂ ਦੁਆਰਾ, ਵਿੱਚੋਂ ਕਿਸੇ ਵੀ ਤਰੀਕੇ ਨਾਲ ICICI ਬੈਂਕ ਨੂੰ ਭੁਗਤਾਨ ਦੀ ਦੇਣਯੋਗ ਤਾਰੀਖ ਤੱਕ ਸਟੇਟਮੈਂਟ ਵਿੱਚ ਦਰਸਾਈ ਗਈ ਕੁੱਲ ਦੇਣਯੋਗ ਰਾਸ਼ੀ ਜਾਂ ਘੱਟੋ-ਘੱਟ ਦੇਣਯੋਗ ਰਾਸ਼ੀ ਦੇ ਬਰਾਬਰ ਜਾਂ ਇਸ ਤੋਂ ਵੱਧ ਰਾਸ਼ੀ ਦਾ ਭੁਗਤਾਨ ਕਰ ਸਕਦਾ ਹੈ।

(b) ਕਾਰਡ ਦੀ ਵਰਤੋਂ ਦੁਆਰਾ ਪਏ ਸਾਰੇ ਖ਼ਰਚਿਆਂ ਉੱਪਰ (ਉੱਪਰ ਦਫ਼ਾ (H) ਦੇ ਤਹਿਤ ਢੰਗ ਨਾਲ ਇੱਕ ਸੇਵਾ ਖਰਚਾ ਪਏਗਾ।

(c) ਜੇ MAD ਲਈ ਜਾਂ ਕੁੱਲ ਦੇਣਯੋਗ ਰਾਸ਼ੀ ਤੋਂ ਘੱਟ ਕਿਸੇ ਰਾਸ਼ੀ ਲਈ ਭੁਗਤਾਨ ਕੀਤਾ ਜਾਂਦਾ ਹੈ, ਤਾਂ ਖਰੀਦਦਾਰੀ ਦੀ ਤਾਰੀਖ ਤੋਂ ਕੁੱਲ ਬਕਾਇਆ ਰਾਸ਼ੀ'ਤੇ, ਅਤੇ ਤਾਜ਼ਾ ਖਰੀਦਦਾਰੀਆਂ'ਤੇ ਵਿਆਜ ਅਤੇ ਸੇਵਾ ਖ਼ਰਚੇ ਲਗਾਏ ਜਾਣਗੇ, ਜਿਹੜੇ ਇਹਨਾਂ ਉੱਪਰ ਖਰੀਦਦਾਰੀਆਂ ਦੇ ਫਲਸਰੂਪ, ਅਗਲੀ ਭੁਗਤਾਨ ਦੀ ਦੇਣਯੋਗ ਤਾਰੀਖ ਤੱਕ ਲਗਾਦੇ ਹਨ। ਇਥੇ ਪਹਿਲਾਂ ਦੱਸੇ ਗਏ ਖ਼ਰਚਿਆਂ ਤੋਂ ਇਲਾਵਾ, ਭੁਗਤਾਨ ਦੀ ਦੇਣਯੋਗ ਤਾਰੀਖ ਤੋਂ ਬਾਅਦ ਅਣਭੁਗਤਾਈ MAD'ਤੇ ਦੇਰ ਅਦਾਇਗੀ ਕਰਨ ਦਾ ਖਰਚਾ ਲਗਾਇਆ ਜਾਵੇਗਾ।

ਕੋਈ MAD ਜਾਂ ਉਸਦਾ ਕੋਈ ਹਿੱਸਾ ਜਿਸਦਾ ਭੁਗਤਾਨ ਕਰ ਦਿੱਤਾ ਗਿਆ ਹੈ, ਤਾਂ ਜਦੋਂ ਇਹ ICICI ਬੈਂਕ ਨੂੰ ਕਾਰਡ ਮੈਂਬਰ ਤੋਂ ਪ੍ਰਾਪਤ ਹੋ ਗਈ ਹੋਵੇ, ਉਸ ਮਗਰੋਂ ਉਸ'ਤੇ ਭੁਗਤਾਨ ਦੀ ਦੇਣਯੋਗ ਤਾਰੀਖ ਮਗਰੋਂ ਕੋਈ ਵਿਆਜ ਨਹੀਂ ਲੱਗੇਗਾ।

*ICICI ਬੈਂਕ, ਆਪਣੇ ਇੱਕਮਾਤਰ ਇਖਤਿਆਰ ਵਿੱਚ, ਕਿਸੇ ਵੀ ਸਮੇਂ, ਪਹਿਲਾ ਕੋਈ ਨੋਟਿਸ ਦਿੱਤੇ ਬਿਨਾ, ਕਿਸੇ ਕਾਰਡ ਮੈਂਬਰ ਦੇ ਸਬੰਧ ਵਿੱਚ, ਪਹਿਲਾਂ ਦਿੱਤੀਆਂ ਗਈਆਂ ਦਫ਼ਾਵਾਂ ਵਿੱਚ ਦਰਸਾਏ ਗਏ ਅਨੁਸਾਰ ਸਿਰਫ਼ MAD ਦਾ ਭੁਗਤਾਨ ਕਰਨ ਦੇ ਵਿਕਲਪ ਨੂੰ, ਵਾਪਸ ਲੈ ਸਕਦਾ ਹੈ।

ਜਦ ਤਕ ICICI ਬੈਂਕ ਨੇ ਦੂਜੀ ਤਰ੍ਹਾਂ ਨਾ ਮੰਨਿਆ ਹੋਵੇ, ਕਿਸੇ ਖ਼ਾਸ ਸਟੇਟਮੈਂਟ ਵਿੱਚ ਨਿਰਧਾਰਿਤ ਕੀਤੀਆਂ ਗਈਆਂ ਰਕਮਾਂ ਦੇ ਬਦਲੇ ਕਾਰਡ ਹੋਲਡਰ ਵੱਲੋਂ ਵਸੂਲ ਹੋਈਆਂ ਕੋਈ ਵੀ ਅਦਾਇਗੀਆਂ ਹੇਠਲੇ ਤਰੀਕੇ ਨਾਲ ਐਸੀਆਂ ਬਾਕੀ ਰਕਮਾਂ ਲਈ ਨਿਮਿਤ ਰੱਖਿਆਂ ਜਾਣਗੀਆਂ:

1. ਸਾਰੇ ਟੈਕਸ, ਫ਼ੀਸਾਂ, ਵਿਆਜ, ਲਾਗਤਾਂ,ਚਾਰਜਜ਼, ਖ਼ਰਚੇ:

2. ਕ੍ਰੈਡਿਟ ਕਾਰਡਾਂ'ਤੇ ਨਿੱਜੀ ਲੋਨਾਂ ਸੰਬੰਧੀ ਭੁਗਤਾਨ ਅਤੇ ਬੈਲੰਸ ਟ੍ਰਾਂਸਫ਼ਰ ਫ਼ੈਸਿਲਿਟੀ'ਤੇ ਭੁਗਤਾਨਯੋਗ ਕਿਸ਼ਤਾਂ;

3. ਫ਼ੋਨ ਫ਼ੈਸਿਲਿਟੀ'ਤੇ ਨਕਦ ਪੈਸਾ ਕਢਾਉਣ ਅਤੇ ਡ੍ਰਾਫ਼ਟ ਸੰਬੰਧੀ ਭੁਗਤਾਨ;

4. ਰੀਟੇਲ ਖ਼ਰੀਦਾਰੀਆਂ ਲਈ ਕਿਸ਼ਤਾਂ ਦਾ ਭੁਗਤਾਨ (ਜਿੱਥੇ ਰੀਟੇਲ ਖ਼ਰੀਦਾਰੀਆਂ ਲਈ ਭੁਗਤਾਨ ਕਿਸ਼ਤਾਂ ਵਿੱਚ ਬਦਲ ਦਿੱਤਾ ਗਿਆ ਹੈ);

5. ਰੀਟੇਲ ਖ਼ਰੀਦਾਰੀਆਂ ਲਈ ਭੁਗਤਾਨ;

6. ਬੈਲੰਸ ਟ੍ਰਾਂਸਫ਼ਰ ਫ਼ੈਸਿਲਿਟੀ ਦੇ ਦੂਜੇ ਰੂਪਾਂਤਰਾਂ ਸੰਬੰਧੀ, ਜਿਨ੍ਹਾਂ ਦਾ ਉਪਯੋਗ ਸ਼ਾਇਦ ਕਾਰਡ ਹੋਲਡਰ ਨੇ ਕੀਤਾ ਹੋਵੇ, ਭੁਗਤਾਨ।

ਇਸ ਦਸਤਾਵੇਜ਼ ਵਿੱਚ ਭਾਵੇਂ ਕਿਤੇ ਕੁਝ ਵੀ ਲਿਖਿਆ ਗਿਆ ਹੋਵੇ: i) ICICI ਬੈਂਕ ਸਵੈ-ਇੱਛਾ ਨਾਲ, ਜੇ ਕਾਰਡ ਹੋਲਡਰ ਨੇ ਸੰਬੰਧਿਤ ਦਸਤਾਵੇਜ਼ਾਂ ਜਾਂ ਉਂਜ ਨਿਰਧਾਰਿਤ ਕੀਤੇ ਅਨੁਸਾਰ ICICI ਬੈਂਕ ਦੀਆਂ ਕੋਈ ਹੋਰ ਸਹੂਲਤਾਂ ਦਾ ਉਪਯੋਗ ਕਰਨ ਦੇ ਅਮਲੇ ਵਿੱਚ, ਕਾਰਡ ਹੋਲਡਰ ਵੱਲੋਂ ਭੁਗਤਾਨ ਕਰਨ ਬਾਕੀ ਹੈ, ਕੋਈ ਵੀ, ਐਸੇ ਭੁਗਤਾਨ ਨੂੰ ਬਕਾਇਆ ਦੇ ਨਿਮਿਤ ਕਰ ਦੇਵੇਗਾ; ii) ICICI ਨਿਮਿਤ ਰੱਖਣ ਦੇ ਆਦੇਸ਼ ਨੂੰ ਖਓਖਓਖ ਬੈਂਕ ਸਵੈ-ਇੱਤਾ ਨਾਲ ਬਦਲ ਸਕਦਾ ਹੈ।

ਐਸੇ ਨਿਮਿੱਤਣ ਦੇ ਬਾਆਦ ਵੀ ਜੇ ਕੋਈ ਅਤਿਰਿਕਤ ਰਕਮ ਬਾਕੀ ਰਹਿੰਦੀ ਹੈ, ਤਾਂ ਉਸ ਦਾ ਨਿਮਿੱਤਣ ਉਹਨਾ ਰਕਮਾਂ ਵਿਰੁੱਧ ਕੀਤਾ ਜਾ ਸਕਦਾ ਹੈ, ਜਿਨ੍ਹਾਂ ਨੂੰ ICICI ਬੈਂਕ ਨੇ ਫ਼ੌਰਨ ਅਗਲੀ ਸਟੇਟਮੈਂਟ/ਸਟੇਟਮੈਂਟਾਂ ਵਿੱਚ ਨਿਰਧਾਰਿਤ ਕਰਨਾ ਹੈ।

ICICI ਬੈਂਕ ਕਿਸੇ ਕਾਰਡ ਅਕਾਉਂਟ ਨੂੰ ਇੱਕ ਕ੍ਰੈਡਿਟ ਲਿਮਿਟ ਸੌਂਪੇਗਾ, ਜੋ ਲਾਜ਼ਮੀ ਰੂਪ ਵਿੱਚ ਕਿਸੇ ਵੀ ਸਮੇਂ ਵੱਧਣੀ ਨਹੀਂ ਚਾਹੀਦੀ। ਹਾਲਾਂਕਿ, ਜੇ ਕੁੱਲ ਬਕਾਏ ਕ੍ਰੈਡਿਟ-ਲਿਮਿਟ ਨਾਲੋਂ ਵੱਧ ਜਾਣ ਰਕਮ ਉੱਪਰ ਇੱਕ ਵਾਧੂ ਖਰਚਾ ਲਗਾਇਆ ਜਾਵੇਗਾ। ਕਾਰਡ ਮੈਂਬਰ ਆਪਣੀ ਮੈਂਬਰਸ਼ਿਪ ਦੇ 12 ਮਹੀਨਿਆਂ ਦੇ ਪੂਰੇ ਹੋ ਜਾਣ'ਤੇ, ਕ੍ਰੈਡਿਟ ਲਿਮਿਟ ਦੀ ਕਿਸੇ ਸਮੀਖਿਆ/ਇਸਨੂੰ ਵਧਾਉਣ/ਘਟਾਉਣ ਲਈ ਅਰਜ਼ੀ ਦੇਣ ਦਾ ਹੱਕਦਾਰ ਹੋਵੇਗਾ। ਕ੍ਰੈਡਿਟ ਲਿਮਿਟ ਦੀ ਅਜਿਹੀ ਪੜਚੋਲ'ਤੇ ਤਬਦੀਲੀਆਂ, ਜੇ ਕੋਈ ਹੋਣਤਾਂ, ICICI ਬੈਂਕ ਦੇ ਇੱਕਮਾਤਰ ਇਖਾਤਿਆਰ'ਤੇ ਹੋਣਗੀਆ ICICI ਬੈਂਕ ਕਾਰਡ ਨੂੰ ਸੌਂਪੀ ਗਈ ਕਿਸੇ ਕ੍ਰੈਡਿਟ ਲਿਮਿਟ, ਦੀ ਪੜਚੋਲ (ਵਾਧੇ ਜਾਂ ਘਾਟੇ ਸਮੇਤ) ਕਰਨ ਦਾ ਹੱਕਦਾਰ ਹੋਵੇਗਾ, ਅਤੇ ਵਾਧੇ, ਜੇ ਕੋਈ ਹੋਣ ਤਾਂ, ਕਾਰਡ ਮੈਂਬਰ ਦੀ ਮੰਜ਼ੂਰੀ ਦੇ ਮਾਤਹਿਤ, ICICI ਬੈਂਕ ਵੱਲੋਂ ਲਾਗੂ ਕੀਤੇ ਜਾਣਗੇ।

ਟਿੱਪਣੀ: ਜੇ ਕੁੱਲ ਦੇਣਯੋਗ ਰਾਸ਼ੀ ਦਾ ਭੁਗਤਾਨ ICICI ਬੈਂਕ ਨੂੰ ਭੁਗਤਾਨ ਦੀ ਦੇਣਯੋਗ ਤਾਰੀਖ ਨੂੰ ਜਾਂ ਇਸ ਤੋਂ ਪਹਿਲਾਂ ਪ੍ਰਾਪਤ ਹੁੰਦਾ ਹੈ, ਤਾਂ ਕੋਈ ਸੇਵਾ ਖ਼ਰਚਾ ਨਹੀਂ ਲਗਾਇਆ ਜਾਵੇਗਾ। ਹਾਲਾਂਕਿ, ਸਾਰੀਆਂ ਨਕਦ ਟ੍ਰਾਂਜ਼ੈਕਸ਼ਨਾਂ ਅਤੇ ਡ੍ਰਾਫ਼ਟਾਂ ਉੱਪਰ ਟ੍ਰਾਂਜ਼ੈਕਸ਼ਨ ਦੀ ਤਾਰੀਖ ਤੋਂ ਪ੍ਰਚਲਤ ਦਰ'ਤੇ ਸੇਵਾ ਖਰਚਾ ਲੱਗੇਗਾ ਜਦੋਂ ICICI ਬੈਂਕ ਨੂੰ ਇਸ ਦੇ ਲਈ ਭੁਗਤਾਨ ਪ੍ਰਾਪਤ ਨਹੀਂ ਹੋ ਜਾਂਦਾ।

(j) ICICI ਬੈਂਕ ਕਾਰਡ ਮੈਂਬਰ ਵੱਲੋਂ ਆਪਣੇ ਕਾਰਡ ਅਕਾਉਂਟ ਤੋਂ ਭੁਗਤਾਨਾਂ ਨੂੰ ਕ੍ਰੈਡਿਟ ਕਰਕੇ ਅਤੇ, ICICI ਬੈਂਕ ਕੋਲ ਕਾਰਡ ਮੈਂਬਰ ਵੱਲੋਂ ਸ਼ਾਇਦ ਸਥਾਪਤ ਕੀਤੇ ਗਏ ਅਜਿਹੇ ਹੋਰ ਖਾਤੇ ਵਿੱਚ, ਇੰਨੀ ਹੀ ਰਾਸ਼ੀ ਡੈਬਿਟ ਕਰਕੇ ਉਸ ਦੇ ਕ੍ਰੈਡਿਟ ਕਾਰਡ ਭੁਗਤਾਨਾਂ ਨੂੰ ਲਾਗੂ ਕਰਨ ਦੀਆਂ ਹਿਦਾਇਤਾਂ ਨੂੰ ਲਾਗੂ ਕਰਨ ਦਾ ਹੱਕਦਾਰ ਹੋਵੇਗਾ, ਪਰ ਪਾਬੰਦਿਤ ਨਹੀਂ। ਕਾਰਡ ਅਕਾਉਂਟ'ਤੇ ਬਕਾਇਆ ਪਈ ਪੂਰੀ ਰਾਸ਼ੀ, ਕੋਈ ਬਕਾਇਆ ਪਈਆਂ ਕਾਰਡ ਟ੍ਰਾਂਜ਼ੈਕਸ਼ਨਾਂ ਨੂੰ ਮਿਲਾ ਕੇ, ਜਿਹੜੀਆਂ ਲਾਗੂ ਹੋ ਚੁਕੀਆਂ ਹਨ ਪਰ ਕਾਰਡ ਅਕਾਉਂਟ'ਤੇ ਅਜੇ ਇਹਨਾਂ ਦੇ ਪਰਚੇ ਨਹੀਂ ਪਾਏ ਗਏ, ਕਾਰਡ ਮੈਂਬਰ ਵੱਲੋਂ, ਉਸ ਦੀ ਮੌਤ ਹੋ ਜਾਣ, (ਕ੍ਰੈਡਿਟ ਸ਼ੀਲਡ ਲਾਭ ਦੇ ਅਨੁਕੂਲ ਬਿਠਾਏ ਜਾਣ ਮਗਰੋਂ*) ਦਿਵਾਲੀਆਂ ਹੋ ਜਾਣਣ, ਜਾਂ ਕਾਰਡ ਮੈਂਬਰ ਦੇ ਕਾਰੋਬਾਰ ਦੇ ਠੱਪ ਹੋ ਜਾਣ ਦੀ ਸਥਿਤੀ ਵਿੱਚ, ਉਸਦੇ ਵਾਰਸਾਂ, ਮਨੋਨੀਤ

ਵਿਅਕਤੀਆਂ, ਕਾਨੂੰਨੀ ਵਾਰਸਾਂ ਵੱਲੋਂ ਪੂਰੀ ਤਰ੍ਹਾਂ ICICI ਬੈਂਕ ਨੂੰ ਦੇਣਯੋਗ ਅਤੇ ਭੁਗਤਾਨਯੋਗ ਬਣ ਜਾਣਗੀਆਂ । *ਕ੍ਰੈਡਿਟ ਸ਼ੀਲਡ ਲਾਭ ਉੱਪਰ ਵੇਰਵਿਆਂ ਲਈ ਟੈਰਿਫ਼ ਅੰਤਿਕਾ ਦਾ ਹਵਾਲਾ ਲਓ।

(k) ਕਾਰਡ ਮੈਂਬਰ ਸਪਸ਼ਟ ਰੂਪ ਵਿੱਚ ਸਵੀਕਾਰ ਕਰਦਾ ਹੈ ਕਿ ਜੇ ਉਹ ਕਿਸੇ ਪੈਸੇ ਦਾ ਭੁਗਤਾਨ ਕਰਨ ਵਿੱਚ ਅਸਫ਼ਲ ਰਹਿੰਦਾ ਹੈ, ਜੋ ਕਿ ਦੇਣਯੋਗ ਹੈ, ਜਾਂ ਜਿਸਨੂੰ ਉਸ ਤਾਰੀਖ ਤੋਂ ਪਹਿਲਾਂ ਦੇਣਯੋਗ ਐਲਾਨਿਆ ਜਾਂਦਾ ਹੈ ਜਦੋਂ ਇਹ ਉਂਝ ਦੇਣਯੋਗ ਹੁੰਦਾ, ਜਾਂ ICICI ਬੈਂਕ ਨਾਲ ਅਜਿਹੇ ਸਮਝੌਤੇ ਅਧੀਨ ਭੁਗਤਾਨ ਵਿੱਚ ਕੋਈ ਗਬਨ ਕਰਦਾ ਹੈ, ਜਿਸ ਦੇ ਤਹਿਤ ਕਾਰਡ ਮੈਂਬਰ ਕੋਈ ਵਿੱਤੀ/ਕ੍ਰੈਡਿਟ/ਹੋਰ ਸਹੂਲਤ ਦਾ ਅਨੰਦ ਮਾਣ ਰਿਹਾ ਹੈ, ਤਾਂ, ICICI ਬੈਂਕ ਆਪਣੇ ਇੱਕਮਾਤਰ ਇਖਤਿਆਰ ਵਿੱਚ, ਬਿਨਾ ਪੱਖਪਾਤ ਤੋਂ, ਇਸਦੇ ਨਿਯਮਾਂ ਅਤੇ ਸ਼ਰਤਾਂ ਵਿੱਚ ਇਸਨੂੰ ਉਪਲਬਧ ਇਸਦੇ ਸਾਰੇ ਜਾਂ ਕੋਈ ਵੀ ਅਧਿਕਾਰਾਂ ਅਤੇ ਉਪਾਆਂ ਅਤੇ/ਜਾਂ ਲਾਗੂ ਹੁੰਦੇ ਕਾਨੂੰਨਾਂ ਦਾ ਪ੍ਰਯੋਗ ਕਰੇਗਾ।

(L) ਇਸ ਵਿੱਚ ਦੱਸੇ ਗਏ ICICI ਬੈਂਕ ਦੇ ਹੋਰਨਾਂ ਅਧਿਕਾਰਾਂ ਨਾਲ ਪੱਖਪਾਤ ਕੀਤੇ ਬਿਨਾ, ਭੁਗਤਾਨ ਵਿੱਚ ਦੇਰੀ ਦੇ ਮਾਮਲੇ ਵਿੱਚ, ICICI ਬੈਂਕ ਮਰਚੈਂਟ ਐਸਟੈਬਲਿਸ਼ਮੈਂਟਸ ਨੂੰ ਕ੍ਰੈਡਿਟ ਕਾਰਡ ਨੂੰ ਮਾਨਤਾ ਨਾ ਦੇਣ ਦੀਆਂ ਹਿਦਾਇਤਾਂ ਦੇ ਕੇ ਕ੍ਰੈਡਿਟ ਕਾਰਡ ਵਿਸ਼ੇਸ਼ ਅਧਿਕਾਰ ਵਾਪਸ ਲੈ ਲੈਣ ਦਾ ਅਧਿਕਾਰ ਰੱਖਦਾ ਹੈ । ਕਾਰਡ ਮੈਂਬਰ ਸਵੀਕਾਰ ਕਰਦਾ ਹੈ ਕਿ, ICICI ਬੈਂਕ ਆਪਣੇ ਇੱਕਮਾਤਰ ਇਖਤਿਆਰ ਨਾਲ ਜਾਂ ਇਸਦੇ ਨਿਯੁਕਤ ਕੀਤੇ ਪ੍ਰਤੀਨਿਧ/ਏਜੰਟ, ਕਿਸੇ ਵੀ ਸਮੇਂ ਕਾਰਡ'ਤੇ ਪਹਿਲਾਂ ਪਏ ਖ਼ਰਚਿਆਂ ਦੇ ਵਿਰੁੱਧ ਭੁਗਤਾਨ ਲਈ ਉਸ ਨਾਲ ਭੁਗਤਾਨ ਨੂੰ ਪੂਰਾ ਕਰਨ ਦੀ ਕਾਰਵਾਈ ਕਰ ਸਕਦੇ ਹਨ । ਕਾਰਡ ਮੈਂਬਰ ਸਾਰੇ ਬਕਾਇਆਂ ਦੀ ਵਸੂਲੀ ਦੇ ਸਰੇ ਖ਼ਰਚਿਆਂ (ਕਾਨੂੰਨੀ ਖ਼ਰਚਿਆਂ ਸਮੇਤ), ICICI ਬੈਂਕ ਵੱਲੋਂ ਸਬੰਧਤ ਅਤੇ ਇਤਫ਼ਾਕੀਆ ਮਾਮਲਿਆਂ ਲਈ ਸਹੇੜੇ ਗਏ ਖ਼ਰਚਿਆਂ ਜਿਹਨਾਂ ਵਿੱਚ ਕਿਸੇ ਕਾਰਡ ਲਈ ਨਵੀਨੀਕਰਣ/ਬਦਲੀ ਕਰਨ, ਡੁਪਲੀਕੇਟ ਸਟੇਟਮੈਂਟ/ਖ਼ਰਚੇ ਦੀ ਪਰਚੀ ਲਈ, ਨਕਦ ਕਢਵਾਉਣ ਲਈ ਟ੍ਰਾਂਜ਼ੈਕਸ਼ਨ ਫ਼ੀਸ, ਬਾਹਰ ਦੇ ਚੈੱਕਾਂ ਲਈ ਵਸੂਲੀ ਖ਼ਰਚੇ, ਵਾਪਸ ਹੋਏ ਭੁਗਤਾਨਾਂ ਲਈ ਦੰਡ ਫ਼ੀਸ ਅਤੇ ਅਜਿਹੇ ਖ਼ਰਚੇ ਸ਼ਾਮਲ ਹਨ, ਅਤੇ ਸ਼ੁਰੂ ਕੀਤੀ ਗਈ ਕਾਨੂੰਨੀ ਕਾਰਵਾਈ ਦੀ ਸਥਿਤੀ ਵਿੱਚ, ਸਾਰੇ ਕਾਨੂੰਨੀ ਖ਼ਰਚਿਆਂ ਅਤੇ ਵਿਆਜ ਦੇ ਨਾਲ ਅਧਿਆਦੇਸ਼ ਰਾਸ਼ੀ ਦਾ ਭੁਗਤਾਨ ਕਰਨ ਲਈ ਸਹਿਮਤੀ ਜਤਾਉਂਦਾ ਹੈ ।

ਸਾਰੇ ਖ਼ਰਚਿਆਂ ਉੱਪਰ ਵੇਰਵਿਆਂ ਲਈ ਟੈਰਿਫ਼ ਅੰਤਿਕਾ ਦਾ ਹਵਾਲਾ ਲਓ ।

**VII. ਨਕਦ ਪੈਸੇ ਕਢਵਾਉਣਾ**

ਕਾਰਡ ਮੈਂਬਰ ICICI ਬੈਂਕ ਦੀਆਂ ਚੁਣੀਆਂ ਹੋਈਆਂ ਥਾਵਾਂ'ਤੇ ICICI ਬੈਂਕ ਸ਼ਾਖਾਵਾਂ/ਆਟੋਮੇਟਿਡ ਟੈਲਰ ਮਸ਼ੀਨਾਂ (ATMs)'ਤੇ ਜਾਂ ICICI ਬੈਂਕ ਵੱਲੋਂ ਸਮੇਂ-ਸਮੇਂ'ਤੇ ਕੀਤੇ ਫ਼ੈਸਲੇ ਮੁਤਾਬਕ ਅਨੁਕੂਲ ਬੈਂਕਾਂ/ਹੋਹਨਾਂ ਥਾਵਾਂ'ਤੇ ਟੈਲਰ ਕਾਊਂਟਰਾਂ ਤੋਂ ਐਮਰਜੈਂਸੀ ਨਕਦ ਕਢਵਾਉਣ ਲਈ ਕਾਰਡ ਦੀ ਵਰਤੋਂ ਕਰ ਸਕਦਾ ਹੈ । ਕਾਰਡ ਮੈਂਬਰ ਨੂੰ ਆਪਣੇ ਕੋਲ, ATM ਵੱਲੋਂ ਤਿਆਰ ਕੀਤੇ ਗਏ, ਟ੍ਰਾਂਜ਼ੈਕਸ਼ਨ ਦੇ ਰਿਕਾਰਡ ਨੂੰ ਰੱਖਣਾ ਪਏਗਾ । ਸਾਰੇ ਖ਼ਰਚਿਆਂ ਉੱਪਰ ਇੱਕ ਟ੍ਰਾਂਜ਼ੈਕਸ਼ਨ ਫ਼ੀਸ ਲਗਾਈ ਜਾਵੇਗੀ ਅਤੇ ਕਾਰਡ ਮੈਂਬਰ ਨੂੰ ਇਸ ਮਗਰੋਂ ਭੇਜੀ ਜਾਣ ਵਾਲੀ ਸਟੇਟਮੈਂਟ ਵਿੱਚ ਇਸ ਦਾ ਬਿਲ ਭੇਜਿਆ ਜਾਵੇਗਾ । ਇਸ ਤੋਂ ਇਲਾਵਾ, ਸਾਰੀਆਂ ਕਢਵਾਈਆਂ ਰਕਮਾਂ 'ਤੇ ਇੱਕ ਸੇਵਾ ਖਰਚਾ ਵੀ ਲੱਗੇਗਾ ਜਿਸ ਦਾ ਹਿਸਾਬ ਅਜਿਹੀ ਨਕਦ ਕਢਵਾਈ ਦੀ ਤਾਰੀਖ ਤੋਂ ਇੱਕ ਔਸਤਨ ਰੋਜ਼ਾਨਾ ਬਕਾਇਆ ਰਾਸ਼ੀ 'ਤੇ ਲਗਾਇਆ ਜਾਵੇਗਾ, ਜਦੋਂ ਤੱਕ ICICI ਬੈਂਕ ਨੂੰ ਭੁਗਤਾਨ ਮਿਲ ਨਾ ਜਾਵੇ । ਇਹ ਸੇਵਾ ਖਰਚਾ ਕਾਰਡ ਅਕਾਊਂਟ ਵਿੱਚੋਂ ਕੱਢਿਆ ਜਾਂ ਡੈਬਿਟ ਕੀਤਾ ਜਾਵੇਗਾ । ਟ੍ਰਾਂਜ਼ੈਕਸ਼ਨ ਫ਼ੀਸ ਅਤੇ ਸਰਵਿਸ ਖਰਚੇ ਮੁੜ ਵਾਪਸੀਯੋਗ ਨਹੀਂ ਹਨ, ਜਿਵੇਂ ਕਿ ਉੱਪਰ ਦਸਿਆ ਗਿਆ ਹੈ ।

**VIII. ਫ਼ੋਨ'ਤੇ ਡ੍ਰਾਫ਼ਟ**

ਕਾਰਡ ਅਕਾਊਂਟ ਉੱਪਰ ਡ੍ਰਾਫ਼ਟ ਜਾਰੀ ਕਰਨ ਦੀ ਬੇਨਤੀ ਟੈਲੀਫ਼ੋਨ'ਤੇ ICICI ਬੈਂਕ 24-ਘੰਟੇ ਕਸਟਮਰ ਕੇਅਰ ਸੈਂਟਰ ਰਾਹੀਂ ਕੀਤੀ ਜਾ ਸਕਦੀ ਹੈ । ਸਾਰੇ ਡ੍ਰਾਫ਼ਟ ਸਿਰਫ਼ ਉਨੀ ਹੀ ਰਾਸ਼ੀ ਦੇ ਜਾਰੀ ਕੀਤੇ ਜਾਣਗੇ ਜੋ ਉਪਲਬਧ ਕੈਸ਼ ਲਿਮਿਟ ਨਾਲੋਂ ਵੱਧ ਨਾ ਹੋਵੇ ਅਤੇ ਸਾਰੇ ਡ੍ਰਾਫ਼ਟਾਂ ਉੱਪਰ ਇੱਕ ਟ੍ਰਾਂਜ਼ੈਕਸ਼ਨ ਫ਼ੀਸ ਲਗਾਈ ਜਾਵੇਗੀ ਅਤੇ ਇਹਨਾਂ ਨੂੰ ਸਟੇਟਮੈਂਟ ਵਿੱਚ ਕਾਰਡ ਮੈਂਬਰ ਦੇ ਬਿਲ ਵਿੱਚ ਜੋੜਿਆ ਜਾਵੇਗਾ । ਟ੍ਰਾਂਜ਼ੈਕਸ਼ਨ ਫ਼ੀਸ ਤੋਂ ਇਲਾਵਾ, ਸਾਰੇ ਡ੍ਰਾਫ਼ਟਾਂ ਉੱਪਰ ਇੱਕ ਸੇਵਾ ਖਰਚਾ ਵੀ ਲੱਗੇਗਾ ਅਤੇ ਇਹ ਕਾਰਡ ਮੈਂਬਰ ਵੱਲੋਂ ICICI ਬੈਂਕ ਨੂੰ ਡ੍ਰਾਫ਼ਟ ਜਾਰੀ ਹੋਣ ਦੀ ਤਾਰੀਖ ਤੋਂ ਲੈ ਕੇ ਮੁੜ ਭੁਗਤਾਨ ਦੀ ਤਾਰੀਖ ਤੱਕ ਅਦਾਇਗੀਯੋਗ ਹੋਵੇਗਾ । ਸੇਵਾ ਖਰਚ ICICI ਬੈਂਕ ਦੀ ਪ੍ਰਚਲਤ ਦਰ'ਤੇ ਕਾਰਡ

ਅਕਾਉਂਟ ਵਿੱਚੋਂ ਕੱਢਿਆ ਜਾਵੇਗਾ। ਟ੍ਰਾਂਜ਼ੈਕਸ਼ਨ ਫ਼ੀਸ ਅਤੇ ਉਪਰ ਦੱਸੇ ਗਏ ਸੇਵਾ ਖਰਚ ਮੁੜ ਵਾਪਸੀਯੋਗ ਨਹੀਂ ਹਨ। ICICI ਬੈਂਕ ਪਹਿਲਾਂ ਕੋਈ ਨੋਟਿਸ ਦਿੱਤੇ ਬਿਨਾ ਅਤੇ ਕਾਰਡ ਬੈਂਬਰ ਪ੍ਰਤੀ ਕੋਈ ਜ਼ਿੰਮੇਵਾਰੀ ਤੋਂ ਬਿਨਾ ਕਿਸੇ ਵੀ ਸਮੇਂ ਇਸ ਸਹੂਲਤ ਨੂੰ ਬੰਦ ਕਰਨ ਦਾ ਅਧਿਕਾਰ ਰਾਖਵਾਂ ਰਖਦਾ ਹੈ। ਇੱਕ ਵਾਰੀ ਜਾਰੀ ਕਰ ਦਿੱਤਾ ਗਿਆ ਡ੍ਰਾਫ਼ਟ ਡਾਕ ਰਾਹੀਂ/ਕੋਰੀਅਰ ਰਾਹੀਂ ਕਾਰਡ ਮੈਂਬਰ ਦੇ ICICI ਬੈਂਕ ਦੇ ਰਿਕਾਰਡਾਂ ਵਿੱਚ ਆਖਰੀ ਵਾਰ ਦਰਜ ਡਾਕ ਪਤੇ'ਤੇ ਭੇਜ ਦਿੱਤਾ ਜਾਵੇਗਾ। ਜਦਕਿ ਡ੍ਰਾਫ਼ਟ ਦੀ ਬੇਨਤੀ ICICI ਬੈਂਕ 24-ਘੰਟੇ ਕਸਟਮਰ ਕੇਅਰ ਸੈਂਟਰ ਨੂੰ ਮਿਲਣ ਦੇ ਸਮੇਂ ਤੋਂ 4 ਕੰਮਕਾਜੀ ਦਿਨਾਂ ਦੇ ਅੰਦਰ ਅੰਦਰ ਡ੍ਰਾਫ਼ਟ ਭੇਜਣ ਲਈ ਹਰ ਜਤਨ ਕੀਤਾ ਜਾਵੇਗਾ, ਪਰ ਇਸ ਵਾਸਤੇ ਕੋਈ ਭਰੋਸਾ ਨਹੀਂ ਦੁਆਇਆ ਜਾਂਦਾ।

ICICI ਬੈਂਕ ਡ੍ਰਾਫ਼ਟਾਂ ਦੀ ਡਲੀਵਰੀ ਨਾ ਹੋਣ ਜਾਂ ਡਲੀਵਰੀ ਵਿੱਚ ਦੇਰੀ ਹੋਣ ਜਾਂ ਡ੍ਰਾਫ਼ਟਾਂ ਦੇ ਨਾ ਮਿਲਣ ਬਾਰੇ ਜ਼ਿੰਮੇਵਾਰ ਨਹੀਂ ਹੋਵੇਗਾ। ਜੇ ਕੋਈ ਡ੍ਰਾਫ਼ਟ ਗੁੰਮ ਹੋ ਜਾਂਦਾ ਹੈ ਜਾਂ ਰੱਦ ਕੀਤਾ ਜਾਣਾ ਹੈ, ਤਾਂ ICICI ਬੈਂਕ 24-ਘੰਟੇ ਕਸਟਮਰ ਕੇਅਰ ਸੈਂਟਰ ਨੂੰ ਲਾਜ਼ਮੀ ਤੌਰ'ਤੇ ਤੁਰੰਤ ਸੂਚਤ ਕੀਤਾ ਜਾਣਾ ਚਾਹੀਦਾ ਹੈ। ICICI ਬੈਂਕ ਕਾਰਡ ਮੈਂਬਰ ਵੱਲੋਂ ਇੱਕ ਵਾਜਬ ਰੂਪ ਵਿੱਚ ਭਰੀ ਹੋਈ ਜ਼ਮਾਨਤ (indemnity) (ICICI ਬੈਂਕ ਨੂੰ ਪ੍ਰਵਾਨਤ ਕਿਸੇ ਰੂਪ ਵਿੱਚ) ਦੇ ਮਿਲ ਜਾਣ ਮਗਰੋਂ ਹੀ ਡਰਾਫ਼ਟ ਦੀ ਮੁੱਖ ਰਾਸ਼ੀ ਵਾਪਸ ਕਰੇਗਾ। ਡ੍ਰਾਫ਼ਟ ਨੂੰ ਰੱਦ ਕੀਤੇ ਜਾਣ ਦੇ ਲਈ ਡ੍ਰਾਫ਼ਟ ਲਾਜ਼ਮੀ ਰੂਪ ਵਿੱਚ ਵਾਪਸ ਕੀਤਾ ਜਾਣਾ ਚਾਹੀਦਾ ਹੈ ਅਤੇ ਰੱਦ ਕਰਨ ਇੱਕ ਖਰਚਾ ਲਗਾਇਆ ਜਾਵੇਗਾ। ਜੇ ਕੋਈ ਡ੍ਰਾਫ਼ਟ ਗੁੰਮ/ਚੋਰੀ ਹੋ ਜਾਂਦਾ ਹੈ ਤਾਂ ICICI ਬੈਂਕ ਇਸ ਨੂੰ ਬਦਲੀ ਕਰਨ ਜਾਂ ਮੁਆਵਜ਼ੇ ਲਈ ਜ਼ਿੰਮੇਵਾਰ ਨਹੀਂ ਹੋਵੇਗਾ।

### IX. ਬੀਮਾ ਲਾਭ

ਕਾਰਡ ਮੈਂਬਰ ਨੂੰ ਸਮੇਂ-ਸਮੇਂ'ਤੇ ICICI ਬੈਂਕ ਵੱਲੋਂ ਕਿਸੇ ਬੀਮਾ ਕੰਪਨੀ ਨਾਲ ਇੱਕ ਸਬੰਧ ਰਾਹੀਂ ਵੱਖ-ਵੱਖ ਬੀਮਾ ਲਾਭਾਂ ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ। ਦਾਅਵੇ ਦੇ ਸਾਰੇ ਮਾਮਲਿਆਂ ਵਿੱਚ, ਬੀਮਾ ਕੰਪਨੀ ਦਾਅਵੇ ਦੇ ਨਿਪਟਾਰੇ ਲਈ ਇੱਕਮਾਤਰ ਜ਼ਿੰਮੇਵਾਰ ਹੋਵੇਗੀ, ਅਤੇ ਕਾਰਡ ਮੈਂਬਰ ICICI ਬੈਂਕ ਨੂੰ ਕਿਸੇ ਵੀ ਤਰ੍ਹਾਂ ਜ਼ਿੰਮੇਵਾਰ ਨਹੀਂ ਠਹਿਰਾਏਗਾ, ਭਾਵੇਂ ਮੁਆਵਜ਼ੇ ਲਈ, ਦਾਆਵਜ਼ੇ ਦੀ ਵਸੂਲੀ ਲਈ, ਦਾਅਵਿਆਂ ਦੀ ਕਾਰਵਾਈ ਲਈ ਜਾਂ ਕਿਸੇ ਵੀ ਹੋਰ ਕਾਰਨ ਲਈ। ਹੇਠਾਂ ਦਿੱਤੇ ਪੈਰ੍ਹੇ ਦੀਆਂ ਸ਼ਰਤਾਂ ਦੇ ਅਧੀਨ, ਬੀਮਾ ਕੰਪਨੀ ਕਾਰਡ ਮੈਂਬਰ ਦੇ ਮਨੋਨੀਤ ਵਿਅਕਤੀ ਨੂੰ, ਜਿਸਦਾ ਨਾਮ ਅਤੇ ਦਸਤਖ਼ਤ, ਵਾਜਬ ਤੌਰ'ਤੇ ਗਵਾਹਾਂ ਨਾਲ, ਕਾਰਡ ਮੈਂਬਰ ਵੱਲੋਂ ਬੀਮਾ ਕੰਪਨੀ ਨੂੰ ਸਿੱਧਾ ਜਾਂ ICICI ਬੈਂਕ ਦੇ ਰਾਹੀਂ ਭੇਜੇ ਗਏ ਬੀਮਾ ਨਾਮਜ਼ਦਗੀ ਫ਼ਾਰਮ ਉੱਪਰ ਆਉਂਦਾ ਹੈ, ਪ੍ਰਵਾਨਤ ਕੀਤੇ ਬਕਾਏ ਜਾਰੀ ਕਰਕੇ ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਤੋਂ ਬਰੀ ਹੋ ਜਾਵੇਗੀ। ਨਾਮਜ਼ਦਗੀ ਵਿੱਚ ਕਿਸੇ ਵੀ ਤਬਦੀਲੀ ਬਾਰੇ ICICI ਬੈਂਕ ਨੂੰ ਕਾਰਡ ਮੈਂਬਰ ਵੱਲੋਂ ਲਿਖਤੀ ਰੂਪ ਵਿੱਚ ਸੂਚਤ ਕੀਤਾ ਜਾਵੇਗਾ। ਕਾਰਡ ਮੈਂਬਰ ਅੱਗੇ ਇਹ ਵੀ ਸਵੀਕਾਤ ਕਰਦਾ ਹੈ ਕਿ ਇੰਝ ਮੁਹੱਈਆ ਕਰਾਏ ਗਏ ਬੀਮਾ ਲਾਭ ਕਾਰਡ ਮੈਂਬਰ ਨੂੰ ਸਿਰਫ਼ ਉਦੋਂ ਤੱਕ ਹੀ ਉਲਪਬਧ ਹੋਣਗੇ ਜਦੋਂ ਤੱਕ ਕਾਰਡ ਮੈਂਬਰ ਆਪਣੇ ਕਾਰਡ ਅਕਾਊਂਟ ਨੂੰ ICICI ਬੈਂਕ ਨਾਲ ਚੰਗਾ ਅਤੇ ਨਿਯਮਿਤ ਰੱਖਦਾ ਹੈ ਅਤੇ ਅਜਿਹਾ ਜਾਰੀ ਰੱਖਦਾ ਹੈ ਅਤੇ ਗਬਨ ਦੀ ਕੋਈ ਘਟਨਾ ਨਾ ਵਾਪਰੀ ਹੋਵੇ। ਕਾਰਡ ਮੈਂਬਰ ਅੱਗੇ ਇਹ ਸਹਿਮਤੀ ਜਤਾਉਂਦਾ ਹੈ ਕਿ ICICI ਬੈਂਕ ਦੀ ਹਿਦਾਇਤ'ਤੇ ਬੀਮਾ ਕੰਪਨੀ ਵੱਲੋਂ ਬੀਮੇ ਦੇ ਦਾਅਵੇ ਦੀ ਰਕਮ ਉਦੋਂ ਤੱਕ ਨਿਲੰਬ ਲੇਖ (escrow) ਵਿੱਚ ਰੱਖੀ ਜਾ ਸਕਦੀ ਹੈ ਜਦੋਂ ਤੱਕ ਕਾਰਡ ਮੈਂਬਰ ਵੱਲੋਂ ਕਾਰਡ 'ਤੇ ਸਾਰੀਆਂ ਬਕਾਇਆ ਜ਼ਿੰਮੇਵਾਰੀਆਂ ਤਮੱਲੀਬਖਸ਼ ਢੰਗ ਨਾਲ ਪੂਰੀਆਂ ਨਹੀਂ ਕਰ ਦਿੱਤੀਆਂ ਜਾਂਦੀਆਂ। ਕਿਸੇ ਵੀ ਕਾਰਨ, ਕਾਰਡ ਸਹੂਲਤ ਦੇ ਖ਼ਤਮ ਕਰ ਦਿੱਤੇ ਜਾਣ ਦੀ ਸਥਿਤੀ ਵਿੱਚ, ਅਜਿਹੇ ਸਾਰੇ ਬੀਮਾ ਲਾਭ ਆਪਣੇ ਆਪ ਹੀ ਮੈਂਬਰਸ਼ਿਪ ਦੇ ਖਾਤਮੇ ਦੀ ਅਜਿਹੀ ਤਾਰੀਖ ਤੋਂ ਉਪਲਬਧ ਹੋਵੇ ਬੰਦ ਹੋ ਜਾਣਗੇ। ICICI ਬੈਂਕ ਕਿਸੇ ਵੀਸਮੇਂ (ਪਹਿਲਾਂ ਇਸ ਬਾਰੇ ਕੋਈ ਨੋਟਿਸ ਦਿੱਤੇ ਬਿਨਾ ਆਪਣੇ ਇੱਕਮਾਤਰ ਇਖਤਿਆਰ'ਤੇ) ਇਹਨਾਂ ਬੀਮਾ ਲਾਭਾਂ ਨੂੰ ਸੁਧਾਰ, ਮੁਅੱਤਲ, ਵਾਪਸ ਜਾਂ ਰੱਦ ਕਰ ਸਕਦਾ ਹੈ ਅਤੇ ਇਹਨਾਂ ਲਾਭਾਂ ਨੂੰ ਜਾਰੀ ਕਰਨ ਲਈ ICICI ਬੈਂਕ 'ਤੇ ਕੋਈ ਲਾਜ਼ਮੀ ਜ਼ਿੰਮੇਵਾਰੀ ਨਹੀਂ ਹੋਵੇਗੀ।

### X. ਗੁੰਮ ਹੋਏ, ਚੋਰੀ ਹੋਏ ਜਾਂ ਦੁਰਵਰਤੋਂ ਹੋਏ ਕ੍ਰੈਡਿਟ ਕਾਰਡ

ਜੇ ਕੋਈ ਕਾਰਡ ਗੁਆਚ ਜਾਏ ਜਾਂ ਚੋਰੀ ਹੋ ਜਾਏ, ਤਾਂ ਕਾਰਡ ਮੈਂਬਰ ਨੂੰ ਲਾਜ਼ਮੀ ਤੌਰ'ਤੇ, ਇਸ ਗੁਆਚਣ/ਚੋਰੀ ਹੋਣ ਦੀ ਰਿਪੋਰਟ ਐਸਾ ਹੋਣ ਤੋਂ 24 ਘੰਟਿਆਂ ਦੇ ਅੰਦਰ ਆਈਸੀਆਈਸੀਆਈ ਬੈਂਕ ਦੀ 24 ਘੰਟੇ ਦੀ ਕਸਟਮਰ ਕੇਅਰ ਲਾਈਨ'ਤੇ ਦੇਣੀ ਚਾਹੀਦੀ ਹੈ। ਬਹਰਹਾਲ, ਜੇ ਕਾਰਡ ਚੋਰੀ ਦੇ ਕਾਰਨ ਗੁਆਚਾ ਹੈ, ਤਾਂ ਕਾਰਡ ਮੈਂਬਰ ਨੂੰ ਲੋਕਲ ਪੁਲਿਸ ਸਟੇਸ਼ਨ ਵਿੱਚ ਵੀ ਰਿਪੋਰਟ ਦਰਜ ਕਰਾਉਣੀ ਚਾਹੀਦੀ ਹੈ ਅਤੇ ਜੇ ਆਈਸੀਆਈਸੀਆਈ ਬੈਂਕ ਮੰਗੇ ਤਾਂ ਪੁਲਿਸ ਰਿਪੋਰਟ ਦੀ ਇੱਕ ਕਾਪੀ ਦੇਣੀ ਚਾਹੀਦੀ ਹੈ। ਮੁਨਾਸਿਬ ਜਾਂਚ-ਪੜਤਾਲ ਅਤੇ ਪੁਸ਼ਟੀ ਕਰਨ ਤੋਂ ਬਾਅਦ, ਆਈਸੀਆਈਸੀਆਈ ਬੈਂਕ ਕਾਰਡ ਅਕਾਊਂਟ ਨੂੰ ਮੁਅੱਤਲ ਕਰ ਦੇਵੇਗਾ, ਅਤੇ ਇਸ ਨਾਲ ਸੰਬੰਧਿਤ ਸਭ ਸਹੂਲਤਾਂ ਨੂੰ ਸਮਾਪਤ ਕਰ ਦੇਵੇਗਾ, ਅਤੇ ਕਾਰਡ ਮੈਂਬਰ ਨੂੰ ਹੋਈ ਕਿਸੇ ਵੀ ਬੇਆਰਾਮੀ ਲਈ ਜ਼ਿੰਮੇ ਵਾਰ ਨਹੀਂ ਹੋਏਗਾ।

ਕਾਰਡ ਮੈਂਬਰ ਇਸ ਤੱਥ ਬਾਰੇ ਜਾਣੂੰ ਹੋਣਗੇ ਕਿ ਇੱਕ ਵਾਰ ਕਾਰਡ ਦੇ ਗੁੰਮ ਹੋ ਜਾਣ, ਹੋਰੀ ਜਾਂ ਖ਼ਰਾਬ ਹੋ ਜਾਣ ਦੀ ਸੂਚਨਾ ਦੇ ਦਿੱਤੇ ਜਾਣ ਮਗਰੋਂ, ਜੇ ਬਾਅਦ ਵਿੱਚ ਦੁਬਾਰਾ ਮਿਲ ਵੀ ਜਾਵੇ ਤਾਂ ਕਾਰਡ ਨੂੰ ਮੁੜ ਨਹੀਂ ਵਰਤਿਆ ਜਾ ਸਕਦਾ। ਕਾਰਡ ਮੈਂਬਰ ਐਲਾਨ ਕਰਦਾ ਹੈ ਕਿ ਜੇ ਕਾਰਡ ਦੇ ਗੁੰਮ ਹੋ ਜਾਣ, ਖ਼ਰਾਬ ਹੋਣ ਜਾਂ ਚੋਰੀ ਹੋ ਜਾਣ ਦੀ ਸੂਚਨਾ ਦਿੱਤੀ ਜਾਂਦੀ ਹੈ, ਤਾਂ ਜੇ ਇਹ ਖਰਾਬ ਨਾ ਹੋਈ ਹਾਲਤ ਵਿੱਚ ਮਿਲ ਦੁਬਾਰਾ ਮਿਲ ਜਾਂਦਾ ਹੈ ਜਾਂ ਮਿਲਿਆ ਦੱਸਿਆ ਜਾਂਦਾ ਹੈ, ਤਾਂ ਇਸ ਦੀ ਦੁਬਾਰਾ ਵਰਤੋਂ ਨਹੀਂ ਕੀਤੀ ਜਾਵੇਗੀ। ਅਜਿਹੇ ਮਾਮਲਿਐ ਵਿੱਚ, ਕਾਰਡ ਮੈਂਬਰ ਤੁਰੰਤ ਕਾਰਡ ਨੂੰ 4 ਟੁਕੜਿਆਂ ਵਿੱਚ ਕੱਟ ਦੇਵੇਗਾ ਅਤੇ ਇਸ ਨੂੰ ਰੱਦ ਕਰਨ ਲਈ ICICI ਬੈਂਕ ਨੂੰ ਸੌਂਪ ਦੇਵੇਗਾ। ਕਾਰਡ ਮੈਂਬਰ ਕਾਰਡ ਦੀ ਸੁਰੱਖਿਆ ਲਈ ਜ਼ਿੰਮੇਵਾਰ ਹੈ ਅਤੇ ਉਹ ਇਹ ਯਕੀਨੀ ਬਣਾਉਣ ਲਈ ਸਾਰੇ ਕਦਮ ਚੁੱਕੇਗਾ ਕਿ ਕਾਰਡ ਦੀ ਦੁਰਵਰਤੋਂ ਨਹੀਂ ਹੋਵੇਗੀ। ਕਿਸੇ ਸੂਰਤ ਵਿੱਚ ਜੇ ICICI ਬੈਂਕ ਫ਼ੈਸਲਾ ਕਰਦਾ ਹੈ ਕਿ ਕਾਰਡ ਮੈਂਬਰ ਕਾਰਡ ਦੇ ਗੁੰਮ ਹੋਣ/ਚੋਰੀ ਹੋਣ/ਖ਼ਰਾਬ ਹੋਣ ਦੇ ਮਾਮਲੇ ਵਿੱਚ ਉੱਪਰ ਦੱਸੇ ਕਦਮ ਚੁੱਕਣ ਵਿੱਚ ਅਸਫ਼ਲ ਰਿਹਾ ਹੈ ਜਾਂ ਇਹਨਾਂ'ਤੇ ਸ਼ੱਕ ਹੈ, ਤਾਂ ਗੁੰਮਸ਼ੁਦਾ, ਚੋਰੀ ਜਾਂ ਖ਼ਰਾਬ ਹੋਣ ਕਾਰਡ 'ਤੇ ਵਿੱਤੀ ਜ਼ਿੰਮੇਵਾਰੀ ਕਾਰਡ ਮੈਂਬਰ ਦੀ ਹੋਵੇਗੀ ਅਤੇ ਮਿੱਟੇ ਵਜੋਂ ਕਾਰਡ ਅਕਾਊਂਟ ਨੂੰ ਰੱਦ ਵੀ ਕੀਤਾ ਜਾ ਸਕਦਾ ਹੈ।

ਕਾਰਡ ਦੇ ਗੁਆਚਣ/ਚੋਰੀ/ਹਾਨੀ ਹੋਣ ਦੀ ਰਿਪੋਰਟ ਕਰਨ ਤੋਂ ਬਾਅਦ ਅਤੇ ਆਈਸੀਆਈਸੀਆਈ ਬੈਂਕ ਦੁਆਰਾ ਕਾਰਡ ਅਕਾਊਂਟ ਦੇ ਮੁਅੱਤਲ ਕਰ ਦਿੱਤੇ ਜਾਣ 'ਤੇ ਕਾਰਡ ਉੱਤੇ ਕੀਤੇ ਗਏ ਕਿਸੇ ਵੀ ਅਨਾਧਿਕ੍ਰਿਤ ਟ੍ਰਾਂਜ਼ੈਕਸ਼ਨ (ਲੈਣ-ਦੇਣ) ਲਈ ਕਾਰਡ ਮੈਂਬਰ ਜ਼ਿੰਮੇਵਾਰ ਨਹੀਂ ਹੋਏਗਾ। ਗੁਆਚਣ/ਚੋਰੀ ਹੋਣ/ਹਾਨੀ ਹੋਣ ਦੀ ਰਿਪੋਰਟ ਕਰਨ ਤੋਂ ਬਾਅਦ ਕਾਰਡ ਉੱਤੇ ਕੀਤੇ ਗਏ ਕਿਸੇ ਵੀ ਟ੍ਰਾਂਜ਼ੈਕਸ਼ਨ ਦੀ ਜ਼ਿੰਮੇਵਾਰੀ ਬੈਂਕ ਦੀ ਹੋਵੇਗੀ। ਬਹਰਹਾਲ, ਕਾਰਡ ਦੇ ਗੁਆਚਣ/ਚੋਰੀ ਹੋਣ/ਹਾਨੀ ਹੋਣ ਦੀ ਰਿਪੋਰਟ ਕਰਨ ਦੇ ਸਮੇਂ ਅਤੇ/ਜਾਂ ਟ੍ਰਾਂਜ਼ੈਕਸ਼ਨ ਕਰਨ ਦੇ ਸਮੇਂ ਬਾਰੇ ਜੇ ਕੋਈ ਵਿਵਾਦ ਖਵਾ ਹੁੰਦਾ ਹੈ, ਤਾਂ ਬੈਂਕ ਨੇ ਇਹ ਅਧਿਕਾਰ ਰਾਖਵਾਂ ਰੱਖਿਆ ਹੈ ਕਿ ਵਿਵਾਦ ਗ੍ਰਮਤ ਟ੍ਰਾਂਜ਼ੈਕਸ਼ਨ ਦੇ ਸਮੇਂ ਅਤੇ/ ਜਾਂ ਅਸਲੀਅਤ ਦਾ ਪੱਕਾ ਪਤਾ ਲਗਾ ਸਕੇ।

**XI. ਜ਼ਿੰਮੇਵਾਰੀ ਦੀ ਛੋਟ**

ICICI ਬੈਂਕ ਅਤੇ ਇਹਨਾਂ ਸ਼ਰਤਾਂ ਨੂੰ ਉਪਲਬਧ ਚਾਰਿਆਂ ਨਾਲ ਪੱਥਪਾਤ ਤੋਂ ਬਿਨਾ, ICICI ਬੈਂਕ ਹੇਠ ਲਿਖਿਆਂ ਤੋਂ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਹੋਣ ਵਾਲੇ ਕਿਸੇ ਨੁਕਸਾਨ ਜਾਂ ਹਾਨੀ ਦੇ ਸਬੰਧ ਵਿੱਚ ਕਾਰਡ ਮੈਂਬਰ ਪ੍ਰਤੀ ਕਿਸੇ ਵੀ ਤਰ੍ਹਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ:

(a) ਸਪਲਾਈ ਕੀਤੀਆਂ ਗਈਆਂ ਕੋਈ ਵੀ ਚੀਜ਼ਾਂ ਜਾਂ ਸੇਵਾਵਾਂ ਵਿੱਚ ਕੋਈ ਨੁਕਸ;

(b) ਕਿਸੇ ਵਿਅਕਤੀ/ਮਰਚੈਂਟ ਐਸਟੈਬਲਿਸ਼ਮੈਂਟ ਵੱਲੋਂ ਕਿਸੇ ਕਾਰਡ ਨੂੰ ਸਵੀਕਾਰ ਕਰਨ ਤੋਂ ਇਨਕਾਰ;

(c) ਕਿਸੇ ਕੰਪਿਊਟਰ ਟਰਮਿਨਲ ਦਾ ਠੀਕ ਤਰ੍ਹਾਂ ਕੰਮ ਨਾ ਕਰਨਾ;

(d) ਕਿਸੇ ਕਾਰਡ ਮੈਂਬਰ ਦੁਆਰਾ ਕਿਸੇ ਹੋਰ ਵਿਅਕਤੀ ਵੱਲੋਂ ਟ੍ਰਾਂਜ਼ੈਕਸ਼ਨ ਹਦਾਇਤ ਦੇਣਾ;

(e) ਕਾਰਡ ਮੈਂਬਰ ਵੱਲੋਂ ICICI ਬੈਂਕ ਜਾਂ ਇਸ ਦੇ ਪ੍ਰਤੀਨਿਧਾਂ ਦੀ ਬਜਾਏ ਕਿਸੇ ਹੋਰ ਨੂੰ ਕਾਰਡ ਦੇਣਾ;

(f) ICICI ਬੈਂਕ ਦਾ ਕਾਰਡ ਦੇ ਉੱਪਰ ਲਿਖੀ ਮਿਆਦ ਦੀ ਤਾਰੀਖ ਪੁੱਗਣ ਤੋਂ ਪਹਿਲਾਂ ਕਾਰਡ ਨੂੰ ਸੌਂਪ ਦੇਣ ਦੀ ਮੰਗ ਕਰਨ ਅਤੇ ਹਾਸਲ ਕਰਨ ਦੇ ਆਪਣੇ ਅਧਿਕਾਰ ਦੀ ਵਰਤੋਂ ਕਰਨਾ, ਭਾਵੇਂ ICICI ਬੈਂਕ ਦੁਆਰਾ;

(g) ICICI ਬੈਂਕ ਵੱਲੋਂ ਕਿਸੇ ਕਾਰਡ ਅਤੇ ਕਾਰਡ ਅਕਾਊਂਟ ਨੂੰ ਖ਼ਤਮ ਕਰਨ ਦੇ ਇਸਦੇ ਅਧਿਕਾਰ ਦੀ ਵਰਤੋਂ ਕਰਨਾ;

(h) ਕਾਰਡ ਮੈਂਬਰ ਦੇ ਕ੍ਰੈਡਿਟ ਚਰਿੱਤਰ ਅਤੇ ਰੁਤਬੇ ਨੂੰ ਕਥਿਤ ਰੂਪ ਵਿੱਚ ਕਾਰਡ ਦੇ ਮੁੜ-ਅਧਿਕਾਰ ਦੁਆਰਾ ਪਹੁੰਚਿਆ ਕੋਈ ਨੁਕਸਾਨ ਅਤੇ/ਜਾਂ, ਇਸਦੀ ਵਾਪਸੀ ਲਈ ਕੋਈ ਬੇਨਤੀ, ਕਿਸੇ ਮਰਚੈਂਟ ਐਸਟੈਬਲਿਸ਼ਮੈਂਟ/ਮੇਲ ਆਰਡਰ ਐਸਟੈਬਲਿਸ਼ਮੈਂਟ ਦੇ ਕਾਰਡ ਨੂੰ ਮੰਨਣ ਜਾਂ ਸਵੀਕਾਰ ਕਰਨ ਤੋਂ ਇਨਕਾਰ ਕਰਨਾ;

(i) ICICI ਬੈਂਕ ਵੱਲੋਂ ਪ੍ਰਗਟ ਕੀਤੇ ਗਏ ਕੋਈ ਵੇਰਵਿਆਂ ਵਿੱਚ ਕੋਈ ਗਲਤ ਬਿਆਨੀ, ਗਲਤੀ ਜਾਂ ਉਕਾਈ;

ਕਿਸੇ ਸੂਰਤ ਵਿੱਚ ICICI ਬੈਂਕ ਜਾਂ ICICI ਬੈਂਕ ਦੇ ਵਾਸਤੇ ਕੰਮ ਕਰ ਰਹੇ ਕਿਸੇ ਵਿਅਕਤੀ ਦੁਆਰਾ ਕਾਰਡ ਮੈਂਬਰ ਤੋਂ ਬਕਾਇਆ ਪਈ ਰਾਸ਼ੀ ਦੇ ਨਿਪਟਾਰੇ ਲਈ ਕੋਈ ਮੰਗ ਜਾਂ ਦਾਅਵਾ ਕੀਤਾ ਜਾਂਦਾ ਹੈ, ਤਾਂ ਕਾਰਡ ਮੈਂਬਰ ਸਹਿਮਤੀ ਜਤਾਉਂਦਾ ਹੈ ਅਤੇ ਮੰਨਦਾ ਹੈ ਕਿ ਅਜਿਹੀ ਕੋਈ

ਮੰਗ ਜਾਂ ਦਾਅਵਾ, ਕਿਸੇ ਵੀ ਤਰ੍ਹਾਂ, ਮਾਨਹਾਨੀ ਦੇ ਕਿਸੇ ਕਾਰਜ ਜਾਂ ਕਾਰਡ ਮੈਂਬਰ ਦੇ ਚਰਿੱਤਰ ਪ੍ਰਤੀ ਕੋਈ ਪੱਖਪਾਤੀ ਕਾਰਜ ਜਾਂ ਉਸਨੂੰ ਪ੍ਰਤੀਬਿੰਬਤ ਕਰਨ ਦਾ ਰੂਪ ਨਹੀਂ ਲਏਗਾ।

ਕਾਰਡ-ਧਾਰਕ ਸਦੱਸ ਸਵੀਕਾਰ ਕਰਦਾ ਹੈ ਕਿ ਉਸਦੇ ਦੁਆਰਾ ਕ੍ਰੈਡਿਟ ਕਾਰਡ ਸੇਵਾ ਦਾ ਆਵੇਦਨ ਕਰਦੇ ਵੇਲੇ ਦਿੱਤਾ ਗਿਆ ਮੋਬਾਇਲ ਫੋਨ ਨੰਬਰ ਜਾਂ ਈ-ਮੇਲ ਦੁਆਰਾ ਅਲਰਟਸ (ਸੂਚਨਾਵਾਂ) ਪ੍ਰਾਪਤ ਕਰਨ ਦੀ ਸੁਵਿਧਾ ਦਾ ਪ੍ਰਾਵਧਾਨ ਆਈਸੀਆਈਸੀਆਈ ਬੈਂਕ ਦੁਆਰਾ ਜਾਂ ਦੂਜੇ ਰੂਪ ਵਿਚ ਦਿੱਤੀਆਂ ਗਈਆਂ ਸੇਵਾ ਪ੍ਰਦਾਣ ਕਰਨ ਵਾਲਿਆਂ ਦੁਆਰਾ ਪ੍ਰਦਾਣ ਕੀਤੀ ਗਈ ਸੇਵਾ-ਸਰੰਚਨਾ, ਸੰਪਰਕ ਅਤੇ ਸੇਵਾਵਾਂ ਤੇ ਨਿਰਭਰ ਕਰਦਾ ਹੈ। ਕਾਰਡ-ਧਾਰਕ ਸਦੱਸ ਸਵੀਕਾਰ ਕਰਦਾ ਹੈ ਕਿ ਆਈਸੀਆਈਸੀਆਈ ਬੈਂਕ ਦੁਆਰਾ ਭੇਜੇ ਜਾਉਣ ਵਾਲੇ ਅਲਰਟਸ (ਸੂਚਨਾਵਾਂ) ਦਾ ਸਮਾਂ, ਸਟੀਕਤਾ ਅਤੇ ਪੜਨ ਯੋਗਤਾ ਆਈਸੀਆਈਸੀਆਈ ਬੈਂਕ ਦੁਆਰਾ ਜਾਂ ਦੂਜੇ ਰੂਪ ਵਿਚ ਦਿੱਤੀਆਂ ਗਈਆਂ ਸੇਵਾ ਪ੍ਰਦਾਣ ਕਰਨ ਵਾਲਿਆਂ ਦੁਆਰਾ ਪ੍ਰਦਾਣ ਕੀਤੀ ਗਈ ਸੇਵਾਵਾਂ ਤੇ ਨਿਰਭਰ ਕਰੇਗਾ। ਆਈਸੀਆਈਸੀਆਈ ਬੈਂਕ ਦੁਆਰਾ ਅਲਰਟਸ (ਸੂਚਨਾਵਾਂ) ਦੇ ਪ੍ਰਾਪਤ ਨਾ ਹੋਨ ਤੇ, ਦੇਰ ਨਾਲ ਪ੍ਰਾਪਤ ਹੋਨ ਤੇ, ਗਲਤੀ, ਨੁਕਸਾਨ ਅਤੇ ਸੰਦੇਸ਼ ਲੈ ਜਾਉਣ ਲਈ ਆਈਸੀਆਈਸੀਆਈ ਬੈਂਕ ਜਿੰਮੇਦਾਰ ਨਹੀਂ ਹੋਵੇਗਾ।

### XII. ਬੈਲੰਸ ਟ੍ਰਾਂਸਫ਼ਰ ਫ਼ੈਸਿਲਿਟੀ

''ਕਾਰਣਾਂ'' 'ਤੇ ਦੇਣਯੋਗ ਬਕਾਇਆ ਨੂੰ, ICICI ਬੈਂਕ ਦੀ ਇਕਹਿਰੀ ਸਵੈ-ਇੱਛਾ ਅਨੁਸਾਰ, ਕਾਰਡ ਹੋਲਡਰ ਦੇ ਉਸ ਕਾਰਡ 'ਤੇ ਟ੍ਰਾਂਸਫ਼ਰ ਕਰਨਾ, ਜੋ ICICI ਬੈਂਕ ਨੇ ਪ੍ਰਦਾਨ ਕੀਤਾ ਹੈ /ਪ੍ਰਦਾਨ ਕਰਨਾ ਮੰਕਿਆ ਹੈ, ਬਸ਼ਰਤੇਕਿ ਉਪਲਬਧ ਕ੍ਰੈਡਿਟ-ਲਿਮਿਟ (ਸੀਮਾ) ਤੋਂ ਵਧੇ ਨਾ।

''ਈਜ਼ੀ ਬੀਟੀ'' ਦਾ ਮਤਲਬ ਹੈ, ਜਦ ਕਾਰਡ ਹੋਲਡਰ ਫ਼ੈਸਿਲਿਟੀ ਦੇ ਵਾਪਸੀ ਭੁਗਤਾਨ ਦੇ ਮੋਡ (ਤਰੀਕੇ) ਨੂੰ ਬਰਾਬਰ ਕੀਤੀਆਂ ਅਸਿਕ ਕਿਸ਼ਤਾਂ ਯਾਨੀ E.M.I ਵਿੱਚ ਬਦਲ ਦੇਵੇ ਤਾਂ ਫ਼ੈਸਿੰਲਿਟੀ।

''ਈ.ਐਮ.ਆਈ.'' ਜਾਂ ''ਈਕੁਏਟਿਡ ਮੰਥਲੀ ਇਸਟਾਲਮੈਂਟ'' ਦਾ ਮਤਲਬ ਹੈ ਉਹਨਾਂ ਕਰਮਾਂ ਦੀ ਬਰਾਬਰ ਕੀਤੀ ਮਾਸਿਕ ਕਿਸ਼ਤ, ਜੌਂ ਕਾਰਡ ਹੋਲਡਰ ਵੱਲੋਂ ਫ਼ੈਸਿਲਿਟੀ ਦੇ ਸੰਬੰਧ ਵਿਚ ICICI ਬੈਂਕ ਨੂੰ ਭੁਗਤਾਨ ਯੋਗ ਹੈ, ਜਿਸ ਵਿੱਚ ਫ਼ੈਸਿਲਿਟੀ ਦੀ ਮੂਲ ਰਕਮ ਅਤੇ ਉਸ ਉੱਤੇ ਵਿਆਜ ਦੋਏ, ਸ਼ਾਮਲ ਹੁੰਦੇ ਹਨ।

ਫ਼ੈਸਿਲਿਟੀ ਦਾ ਉਪਯੋਗ :

ICICI ਬੈਂਕ ਆਪਣੀ ਇਕਹਿਰੀ ਸਵੈ-ਇੱਛਾ ਅਨੁਸਾਰ ਫ਼ੈਸਿਲੀਟੀ ਦੇ ਤਹਿਤ, ਕਾਰਡ ਹੋਲਡਰ ਨੂੰ ਇਜਾਜ਼ਤ ਦੇਵੇਗਾ ਕਿ ਉਹ ਦੂਜੇ ਬੈਂਕਾਂ/ਹਸਤੀਆਂ ਦੁਆਰਾ ਜਾਰੀ ਕੀਤੇ ਕ੍ਰੈਡਿਟ ਕਾਰਡਾਂ ਉੱਤੇ ਆਪਣੇ ਦੇਣਯੋਗ ਬਕਾਏ ਸਾਰੇ ਜਾਂ ਭਾਗ ਦੇ ਰੂਪ ਵਿੱਚ, ਆਪਣੇ ਕਾਰਡ ਅਕਾਊਂਟ ਵਿੱਚ ਟ੍ਰਾਂਸਫ਼ਰ ਕਰ ਸਕੇ। ਐਸੀ ਟ੍ਰਾਂਸਫ਼ਰ ਇਸ ਤਰ੍ਹਾਂ ਕੀਤੀ ਜਾਏਗੀ ਇੱਕ ਡੀਮਾਂਡ ਡ੍ਰਾਫ਼ਟ ਕ੍ਰੈਡਿਟ ਕਾਰਡ ਜਾਰੀ ਕਰਤਾ ਦੂਜੇ ਬੈਂਕ/ਹਸਤੀ ਦੇ ਨਾਂ ਵਿੱਚ, ICICI ਬੈਂਕ ਕੋਲ ਰਜਿਸਟਰ ਕੀਤੇ ਕਾਰਡ ਹੋਲਡਰ ਦੇ ਪਿਛਲੇ ਮੇਲਿੰਗ ਪਤੇ 'ਤੇ ਭੇਜਿਆ ਜਾਏਗਾ ਤਾਂ ਕਿ ਮਨਜ਼ੂਰਸ਼ੁਦਾ ਫ਼ੈਸਿਲਿਟੀ ਰਕਮ ਲਈ, ਐਸੇ ਹੋਰ ਬੈਂਕ/ਹਸਤੀ ਨਾਲ ਕਾਰਡ ਹੋਲਡਰ ਦੇ ਕਾਰਡ ਅਕਾਊਂਟ ਵਿੱਚ ਜਮ੍ਹਾਂ ਕੀਤਾ ਜਾ ਸਕੇ ICICI ਬੈਂਕ ਐਸੀਆਂ ਕਿਸੇ ਵੀ ਬਕਾਇਆ ਅਦਾਇਗੀਆਂ ਜਾਂ ਸਰਵਿਸ ਚਾਰਜਾਂ ਲਈ ਦੇਣਦਾਰ ਨਹੀਂ ਹੋਏਗਾ, ਜੋਂ ICICI ਬੈਂਕ ਦੁਆਰਾ ਫ਼ੈਸਿਲਿਟੀ ਦੇਣ/ਦੇਣੀ ਮੰਨਣ ਤੋਂ ਬਾਅਦ, ਕਾਰਡ ਹੋਲਡਰ ਨੇ ਆਪਣੇ ਦੂਜੇ ਕ੍ਰੈਡਿਟ ਕਾਰਡ ਨਾਲ ਸੰਬੰਧਿਤ ਖ਼ਰਚ ਕੀਤੇ ਹੋਣ।

ਕਾਰਡ ਹੋਲਡਰ ਦੂਜੇ ਕ੍ਰੈਡਿਟ ਕਾਰਡ ਜਾਰੀ ਕਰਨ ਵਾਲੇ ਬੈਂਕ/ਹਸਤੀ ਨੂੰ ਤਦ ਤਕ ਭੁਗਤਾਨ ਕਰਨ ਲਈ ਦੇਣਦਾਰ ਰਹੇਗਾ ਜਦ ਤਕ ਫ਼ੈਸਿਲਿਟੀ ਦੀ ਟ੍ਰਾਂਸਫ਼ਰ ਕੀਤੀ ਕਈ ਰਕਮ ਦੂਜੇ ਕ੍ਰੈਡਿਟ ਕਾਰਡ ਜਾਰੀ ਕਰਤਾ ਬੈਂਕ/ਹਸਤੀ ਨੂੰ ਵਸੂਲ ਨਾ ਹੋ ਜਾਏ। ਨਾਲ ਹੀ, ਕਾਰਡ ਹੋਲਡਰ ਇੱਕ ਭਾਵੀ ਸਟੇਟਮੈਂਟ ਵਿਚ ਇਹ ਪੁਸ਼ਟੀ ਵੀ ਵਸੂਲ ਕਰੇਗਾ ਕਿ ਦੂਜੇ ਕ੍ਰੈਡਿਟ ਕਾਰਡ ਜਾਰੀ ਕਰਤਾ ਬੈਂਕ/ਹਸਤੀ ਨਾਲ ਉਸ ਦੇ ਕ੍ਰੈਡਿਟ ਅਕਾਊਂਟ ਵਿੱਚ ਜਮ੍ਹਾਂ ਕਰ ਦਿੱਤਾ ਗਿਆ ਹੈ। ਫ਼ੈਸਲਿਟੀ ਪ੍ਰਾਇਮਰੀ ਕਾਰਡ ਹੋਲਡਰ ਅਤੇ ਨਾਲ ਹੀ ਸਪਲੀਮੈਂਟਰੀ ਕਾਰਡ ਹੋਲਡਰ ਲਈ ਉਪਲਬਧ ਹੋਏਗੀ ਅਤੇ ਉਪਲਬਧ ਕੈਸ਼-ਲਿਮਿਟ ਅਤੇ/ਜਾਂ ਕ੍ਰੈਡਿਟ-ਲਿਮਿਟ ਅਧੀਨ ਹੋਏਗੀ ਅਤੇ ਫ਼ੈਸਿਲਿਟੀ ਲਈ ਦਰਖ਼ਾਸਤਤ ਕਰਨ 'ਤੇ ਕਾਰਡ ਹੋਲਡਰ ਨੂੰ ਪ੍ਰਦਾਨ ਕੀਤੀ ਜਾਏਗੀ।

ਕਾਰਡ ਉੱਤੇ ਕੈਸ਼-ਲਿਮਿਟ ਅਤੇ/ਜਾਂ ਕ੍ਰੈਡਿਟ-ਲਿਮਿਟ 'ਤੇ ਕਾਰਡ ਹੋਲਡਰ ਨੂੰ ਦਿੱਤੀ ਗਈ ਫ਼ੈਸਿਲਿਟੀ ਦੀ ਰਕਮ ਨਾਲ ਬੰਦਸ਼ ਲਗਾਈ ਜਾਏਗੀ। ਕਾਰਡ ਹੋਲਡਰ ਨੂੰ ਫ਼ੈਸਿਲਿਟੀ ਉੱਤੇ ਉਸ ਪ੍ਰਤੀਸ਼ਤ ਤਕ ਨਾਨ-ਰੀਫ਼ੰਡੇਬਲ ਪ੍ਰੋਸੈਸਿੰਗ ਫ਼ੀਸ ਅਦਾ ਕਰਨੀ ਪਏਗੀ, ਜਿਸ ਨੂੰ ਟੈਰਿਫ਼

ਅਨੈਕਸਚਰ ਵਿੱਚ ਨਿਰਧਾਰਿਤ ਕੀਤੇ ਅਨੁਸਾਰ ICICI ਬੈਂਕ ਨੇ ਕਾਰਡ ਹੋਲਡਰ ਲਈ ਨਿਰਧਾਰਿਤ ਕੀਤਾ ਹੈ। ICICI ਬੈਂਕ ਦੇ ਪ੍ਰਚਲਿਤ ਰੇਟਾਂ ਅਨੁਸਾਰ ਪ੍ਰੋਸੈਸਿੰਗ ਫ਼ੀਸ ਅਤੇ ਵਿਆਜ ਦੀ ਚਰਮ 'ਤੇ ਸਰਵਿਸ ਟੈਕਸ ਲਾਗੂ ਹੋਏਗਾ। ਐਸੀ ਰਕਮ ਉਸ ਖ਼ਾਸ ਮਹੀਨੇ ਲਈ ਸਟੇਟਮੈਂਟ ਵਿੱਚ ਵਿਖਾਈ ਜਾਏਗੀ।

**ਵਾਪਸੀ ਭੁਗਤਾਨ :**

ਫ਼ੈਸਿਲਿਟੀ ਦੇ ਈਜ਼ੀ ਬੀਟੀ ਹੋਣ ਦੇ ਮਾਮਲੇ ਵਿੱਚ, ਕਾਰਡ ਹੋਲਡਰ ਫ਼ੈਸਿਲਿਟੀ ਅਤੇ ਉਸ ਉੱਤੇ ਵਿਆਜ ਨੂੰ ਈ.ਐਮ.ਜ ਵਿੱਚ ਨੇ ਫ਼ੈਸਿਟੀ ਲਈ ਆਫ਼ਰ ਪੇਸ਼ ਕਰਨ ਵੇਲੇ ਅਤੇ ਨਾਲ ਹੀ ਬਾਅਦ ਵਿੱਚ ਕਾਰਡ ਹੋਲਡਰ ਨੂੰ ਸੂਚਿਤ ਕੀਤੇ ਅਨੁਸਾਰ ਦੱਸਿਆ ਗਿਆ ਹੈ। ਵਿਆਜ ਦੀ ਗਿਣਤੀ ਉਸ ਸਮੇਂ ਤੋਂ ਸ਼ੁਰੂ ਕੀਤੀ ਜਾਏਗੀ ਜਿਸ ਵੇਲੇ ਕਾਰਡ ਹੋਲਡਰ ਵੱਲੋਂ ਈਜ਼ੀ ਬੀਟੀ ਲਈ ਦਰਖ਼ਾਸਤ ਦੀ ਪੁਸ਼ਟੀ ਹੋ ਗਈ ਹੋਵੇ। ਈਐਮਆਈਜ਼ ਦੀ ਰਕਮ ਅਤੇ ਨਾਲ ਹੀ ਫ਼ੈਸਿਲਿਟੀ ਦੇ ਹੋਰ ਵੇਰਵੇ (ਵਿਆਜ ਰੇਟ ਸਹਿਤ) ਦੀ ਜਾਣਕਾਰੀ ਵੀ ਕਾਰਡ ਹੋਲਡਰ ਨੂੰ ਉਸ ਦੇ ਡਾਕਦੇ ਪਤੇ 'ਤੇ ਸੂਚਿਤ ਕੀਤਾ ਜਾਏਗੀ।

ਕਿਸੇ ਖ਼ਾਸ ਮਹੀਨੇ ਲਈ ਦੇਣਯੋਗ ਈ.ਐਮ.ਆਈ. ਦੀ ਰਕਮ ਨੂੰ ਬਾਅਦ ਵਿੱਚ ਉਸ ਖ਼ਾਸ ਮਹੀਨੇ ਲਈ ਸਟੇਟਮੈਂਟ ਵਿੱਚ ਵਿਖਾਇਆ ਜਾਏਗਾ। ਜਿਵੇਂ ਕਿ ਸਟੇਟਮੈਂਟ ਰਾਹੀਂ ਕਾਰਡ ਹੋਲਡਰ ਨੂੰ ਦੱਸਿਆ ਗਿਆ ਹੈ, ICICI ਬੈਂਕ ਕਾਰਡ ਹੋਲਡਰ ਦੁਆਰਾ ਪਾਤਰ ਹੋਏਗਾ/ ਅਧਿਕ੍ਰਿਤ ਹੋਏਗਾ ਕਿ ਉਸ ਖ਼ਾਸ ਮਹੀਨੇ ਲਈ ਦੇਣਯੋਗ ਈ.ਐਮ.ਆਈ. ਦੀ ਰਕਮ ਅਸਿਕ ਆਧਾਰ 'ਤੇ ਕਾਰਡ ਹੋਲਡਰ ਦੇ ਕਾਰਡ ਅਕਾਊਂਟ ਵਿੱਚੋਂ ਡੈਬਿਟ ਕਰ ਦਿੱਤੀ ਜਾਏ ਕਾਰਡ ਹੋਲਡਰ ਦੁਆਰਾ ਵਾਪਸੀ ਭੁਗਤਾਨ ਕੀਤੇ ਜਾਣ 'ਤੇ, ਕੈਸ਼ ਲਿਮਿਟ/ਕ੍ਰੈਡਿਟ ਲਿਮਿਟ ਕਾਰਡ ਹੋਲਡਰ ਰਾਹੀਂ ਭੁਗਤਾਈ ਰਾਈ ਈ.ਐਮ.ਆਈ. ਦੀ ਰਕਮ ਦੀ ਸੀਮਾਂ ਤਕ ਬਹਾਲ ਕਰ ਦਿੱਤੀ ਜਾਏਗੀ।

ਜਿਵੇਂ ਕਿ ਸਟੇਟਮੈਂਟ ਵਿੱਚ ਵਿਖਇਆਗਿਆ ਹੈ, ਕਾਰਡ ਹੋਲਡਰ ਨੂੰ ਭੁਗਤਾਨ ਕਰਨ ਦੀ ਬਾਕੀ ਦੇਣਯੋਗ ਤਾਰੀਖ਼ ਨੂੰ ਇਕ ਖ਼ਾਸ ਮਹੀਨੇ ਲਈ ਈ.ਅਮ.ਆਈ. ਦੀ ਪੂਰੀ ਰਕਮ ਅਦਾ ਕਰਨੀ ਜ਼ਰੂਰੀ ਹੈ, ਅਤੇ ਇਸ ਰਕਮ ਨੂੰ ਕੈਰੀ ਫ਼ਾਰਵਰਡ ਕਰਨ/ਅਗਲੀ ਸਟੇਟਮੈਂਟ ਵਿੱਚ ਸ਼ਾਮਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਏਗੀ। ਜੇ ਭੁਗਤਾਨ ਨਿਰਧਾਰਿਤ ਦਣਯੋਗ ਬਕਾਇਆ ਤਾਰੀਖ਼ ਨੂੰ ਨਾ ਕੀਤਾ ਜਾਏ ਤਾਂ ਤਾਂ ਇਸ ਨੂੰ ਕਾਰਡ ਹੋਲਡਰ ਦੀ ਅਣਗਹਿਲੀ ਸਮਝਿਆ ਜਾਏਗਾ ਅਤੇ ਕਰਡ ਹੋਲਡਰ ਇਸ ਰਕਮ ਨੂੰ ਅਤੇ ਟੈਰਿਫ਼ ਐਨਿਕਸਚਰ ਵਿੱਚ ਨਿਰਧਾਰਿਤ ਕੀਤੇ ਅਨੁਸਾਰ, ਉਸ ਦੀ ਫ਼ੈਸਿਲਿਟੀ 'ਤੇ ਲਾਗੂ ਹੋਣ ਯੋਗ ਬਿਆਜ ਅਤੇ ਲੇਟ ਪੇਮੈਂਟ ਚਾਰਜਜ਼ ਅਦਾ ਕਰਨ ਦਾ ਦੇਣਦਾਰ ਹੋਏਗਾ।

ਈਜ਼ੀ ਬੀਟੀ ਤੋਂ ਛੁੱਟ ਦੂਜੇ ਮਾਮਲਿਆਂ ਵਿੱਚ ਫ਼ੈਸਿਲਿਟੀ ਦੀ ਰਕਮ ਦਣਯੋਗ ਬਾਕੀ ਕੁੱਲ ਰਕਮ ਅਤੇ/ਜਾਂ ਦੇਣਯੋਗ ਈ.ਐਮ.ਆਈ. ਰਕਮ ਦਾ ਭਾਗ ਬਣ ਜਾਏਗੀ ਅਤੇ ਕ੍ਰਮ ਅਨੁਸਾਰ ਧਾਰਾ VI ਅਤੇ XXX IV ਵਿੱਚ ਦੱਸੇ ਅਨੁਸਾਰ ਵਾਪਸ ਭੁਗਤਾਨਯੋਗ ਹੋਏਗੀ।

**ਫ਼ੈਸਿਲਿਟੀ ਨੂੰ ਪੂਰਣ-ਬੰਦ ਕਰਨਾ:**

ਜੇ ਫ਼ੈਸਿਲਿਟੀ ਈਜ਼ੀ ਬੀਟੀ ਹੈ, ਤਾਂ ਜੋ ਫ਼ੈਸਿਲਿਟੀ ਨੂੰ ਪੂਰਣ-ਬੰਦ/ਫ਼ੈਸਿਲਿਟੀ ਦੇ ਵਾਪਸੀ ਭੁਗਤਾਨ ਆਵਧੀ ਤੋਂ ਪਹਿਲਾਂ ਸਮਾਪਤ ਕਰ ਦਿੱਤਾ ਜਾਂਦਾ ਹੈ, ਤਾਂ ਪੂਰਣ-ਬੰਦੀ/ਸਮਾਪਤੀ ਦੇ ਸਮੇਂ ਅਤੇ ਨਾਲ ਹੀ ਉਸ ਉੱਤੇ ਵਿਆਜ ਅਤੇ ਫ਼ੈਸਿਲਿਟੀ ਨਾਲ ਸੰਬੰਧਿਤ ਸਾਰੀਆਂ ਹੋਰ ਰਕਮਾਂ ਕਾਰਡ ਹੋਲਡਰ ਦੁਆਰਾ ਫੌਰਨ ਭੁਗਤਾਨ ਯੋਗ ਬਰ ਜਾਣਗੀਆਂ।

ਪੂਰਣ-ਬੰਦੀ ਦਾ ਲਾਭ ਉਠਾਉਣ ਲਈ ICICI ਬੈਂਕ ਦੇ 24 ਘੰਟੇ ਦੇ ਕਸਟਮਰ ਕੇਅਰ ਸੈਂਟਰ ਨਾਲ ਸੰਪਰਕ ਕਰਕੇ ਕਾਰਡ ਹੋਲਡਰ ਕਿਸੇ ਵੀ ਵੇਲੇ ਫ਼ੈਸਿਲਿਟੀ ਨੂੰ ਪੂਰਣ-ਬੰਦ ਕਰ ਸਕਦਾ ਹੈ। ਕਾਰਡ ਹੋਲਡਰ ਨੂੰ ਐਸੇ ਪੂਰਣ-ਬੰਦੀ ਚਾਰਜਜ਼ ਅਦਾ ਕਰਨੇ ਹੋਣਗੇ ਜਿਵੇਂ ਫ਼ੈਸਿਲਿਟੀ ਦੇਂਦੇ ਸਮੇਂ ਕਾਰਡ ਹੋਲਡਰ ਭੇਜੀ ਗਈ ਸੂਚਨਾ ਵਿਚ ICICI ਬੈਂਕ ਨੇ ਦੱਸਿਆ ਹੋਏਗਾ।

ਜੇ ਲਗਾਤਾਰ ਦੋ ਮਹੀਨਿਆਂ ਲਈ ਈ.ਐਮ.ਆਈ. ਦੇ ਭੁਗਤਾਨ ਵਿੱਚ ਅਣਗਹਿਲੀ ਹੋ ਜਾਏ. ਤਾਂ ICICI ਬੈਂਕ ਕੋਲ ਸਭ ਅਸਿਕਾਰਾਂ ਅਤੇ ਉਪਾਵਾਂ ਪ੍ਰਤੀ ਬਿਨਾ ਕਿਸੇ ਇਹਕਰੇ ਕੇ, ਇਹ ਅਧਿਕਾਰ ਹੋਏਗਾ ਕਿ ਕਾਯਡ ਹੋਲਡਰ ਨੂੰ ਕਹਿ ਸਕੇ ਕਿ ਉਹ ਫ਼ੋਸਿਲਿਟੀ, ਤੇ ਉਸ ਉੱਤੇ ਸਭ ਵਿਆਜ ਅਤੇ ਦੋ ਲਗਾਤਾਰ ਮਹੀਨਿਆਂ ਲਈ ਈ.ਐਮ.ਆਈ. ਦੇ ਭੁਗਤਾਨ ਵਿੱਚ ਅਣਗਹਿਲੀ ਦੇ ਕਾਰਨ ਫ਼ੈਸਿਲਿਟੀ ਨਾਲ ਸੰਬੰਧਿਤ ਸਭ ਰਕਮਾਂ ਦਾ ਭੁਗਤਾਨ ਫ਼ੌਰਨ ਕਰ ਦੇਏ, ਅਤੇ ਕਾਰਡ ਹੋਲਡਰ ਸੰਗ ਕੀਤੀ ਜਾਣ ਤੇ ਐਸੀਆਂ ਸਾਰੀਆਂ ਰਕਮਾਂ ਅਦਾ ਕਰਨ ਦਾ ਦੇਣਦਾਰ ਹੋਏਗਾ।

**ਫ਼ੈਸਿਲਿਟੀ ਦਾ ਰੱਦੀਕਰਨ:**

ਕਾਰਡ ਹੋਲਡਰ ਫ਼ੈਸਿਲਿਟੀ ਦਿੱਤੀ ਜਾਣ ਤੋਂ 15 ਦਿਨਾਂ ਦੇ ਅੰਦਰ ICICI ਬੈਂਕ ਦੇ 24 ਘੰਟੇ ਕੰਮ ਕਰਨ ਵਾਲੇ ਕਸਟਮਰ ਕੇਅਰ ਸੈਂਟਰ ਨਾਲ ਸੰਪਰਕ ਕਰਕੇ ਫ਼ੈਸਿਲਿਟੀ ਦਾ ਰੱਦੀਕਰਨ ਸਕਦਾ ਹੈ ।

ਐਸਾ ਰੱਦੀਕਰਨ ਕਾਰਡ ਹੋਲਡਰ ਜਾਂ ਲਾਭ ਪ੍ਰਾਪਤ ਕਰਤਾ ਦੁਆਰਾ ਕ੍ਰੈਡਿਟ ਕਾਰਡ ਅਪ੍ਰੇਸ਼ਨਜ਼, ICICI ਬੈਂਕ ਲਿ, ਐਂਪਟਿਕ ਕੰਪਲੈਕਸ, 414 ਐਸਬੀ ਮਾਰਗ, ਲੋਅਰ ਪਰੇਲ, ਮੁੰਬਈ–400 013 ਵਿਖੇ ਡੀਮਾਂਡ ਡ੍ਰਫ਼ਟ ਵਾਪਸ ਮੋੜ ਦੇਣ ਅਤੇ ਡੀਮਾਡ ਡ੍ਰਾਫ਼ਟ ਨਕਦੀਕਰਨ ਨਾ ਕਰਾਏ ਜਾਣ ਅਧੀਨ ਹੋਏਗਾ ।

## XIII. ਸਪਲੀਮੈਂਟਰੀ ਕਾਰਡ

ਪ੍ਰਾਇਮਰੀ ਕਾਰਡ ਮੈਂਬਰ ਦੇ ਪਰਿਵਾਰਕ ਮੈਂਬਰਾਂ ਲਈ ਐਡ–ਆਨ ਕਾਰਡ ਇਸ਼ੂ ਕਰਨ ਲਈ ਪ੍ਰਾਇਮਰੀ ਕਾਰਡ ਮੈਂਬਰ ਵੱਲੋਂ ਦਰਖ਼ਾਸਤ ਵਸੂਲ ਕਰਨ 'ਤੇ, ਆਈਸੀਆਈਸੀਆਈ ਬੈਂਕ ਆਪਣੀ ਇਕਹਿਰੀ ਮਰਜ਼ੀ 'ਤੇ ਅਤੇ ਆਈਸੀਆਈਸੀਆਈ ਬੈਂਕ ਦੁਆਰਾ ਸਮੇਂ ਸਮੇਂ ਤੈਅ ਕੀਤੇ ਨਿਯਮਾਂ ਅਤੇ ਸ਼ਰਤਾਂ ਅਧੀਨ ਪ੍ਰਾਇਮਰੀ ਕਾਰਡ ਮੈਂਬਰ ਦੇ ਪਰਿਵਾਰਕ ਮੈਂਬਰਾਂ ਲਈ ਸਪਲੀਮੈਂਟਰੀ ਕਾਰਡ ਇਸ਼ੂ ਕਰ ਦੇਵੇਗਾ । ਸਪਲੀਮੈਂਟਰੀ ਕਾਰਡ ਦੇ ਉਪਯੋਗ ਦਾ ਮਤਲਬ ਹੋਏਗਾ ਇਹਨਾਂ ਨਿਯਮਾਂ ਅਤੇ ਸ਼ਰਤਾਂ ਦੀ ਸਵੀਕ੍ਰਿਤੀ । ਸਪਲੀਮੈਂਟਰੀ ਕਾਰਡ ਦੇ ਉਪਯੋਗ ਦਾ ਮਤਲਬ ਹੋਏਗਾ ਇਹਨਾਂ ਨਿਯਮਾਂ ਅਤੇ ਸ਼ਰਤਾਂ ਦੀ ਸਵੀਕ੍ਰਿਤੀ । ਸਪਲੀਮੈਂਟਰੀ ਕਾਰਡ ਧਾਰਕ ਅਤੇ ਪ੍ਰਾਇਮਰੀ ਕਾਰਡ ਮੈਂਬਰ ਜਿਸ ਨੇ ਇਸ ਨੂੰ ਇਸ਼ੂ ਕਰਨ ਦਾ ਅਧਿਕਾਰ ਦਿਤਾ ਹੈ, ਦੋਵੇਂ ਸਾਂਝੇ ਰੂਪ ਵਿੱਚ ਅਤੇ ਵੱਖ–ਵੱਖ ਤਰ੍ਹਾਂ ਇਹਨਾਂ ਨਿਯਮਾਂ ਤੇ ਸ਼ਰਤਾਂ/ਭੁਗਤਾਨ ਲਈ ਬੰਧਨਕਾਰ/ਜ਼ਿੰਮੇਵਾਰ ਹੋਣਗੇ ਕਿ ਉਹ ਯਕੀਨੀ ਬਣਾਏ ਕਿ ਸਪਲੀਮੈਂਟਰੀ ਕਾਰਡ ਅਧੀਨ ਬਕਾਇਆ ਅਤੇ ਦੇਣ ਯੋਗ ਸਾਰੇ ਚਾਰਜਜ਼ ਦੀ ਅਦਾਇਗੀ ਕੀਤੀ ਜਾਏ । ਸਪਲੀਮੈਂਟਰੀ ਕਾਰਡ ਦੀ ਸਹੂਲਤ ਕਿਉਂਕਿ ਆਈਸੀਆਈਸੀਆਈ ਬੈਂਕ ਦੁਆਰਾ ਸਮੇਂ ਸਮੇਂ ਤੈਅ ਕੀਤੀ ਫ਼ੀਸ/ਦਰ 'ਤੇ ਇੱਕ ਵਿਸ਼ੇਸ ਸਹੂਲਤ ਹੈ, ਸਪਲੀਮੈਂਟਰੀ ਕਾਰਡ ਮੈਂਬਰ ਦੀ ਮੈਂਬਰਸ਼ਿਪ ਦੀ ਲਗਾਤਾਰਤਾ ਪੂਰੀ ਤਰ੍ਹਾਂ ਪ੍ਰਾਇਮਰੀ ਕਾਰਡ ਮੈਂਬਰਸ਼ਿਪ ਦੀ ਲਗਾਤਾਰਤਾ ਉੱਤੇ ਨਿਰਭਰ ਕਰਦੀ ਹੈ ।

## XIV. ਬਿਲ ਤਿਆਰ ਕਰਨਾ

ਸਾਰੇ ਕਾਰਡ ਮੈਂਬਰਾਂ ਦਾ ਬਿਲ ਕਾਰਡ ਦੀ ਵਰਤੋਂ ਦੁਆਰਾ ਲੱਗੇ ਸਾਰੇ ਖਰਚਿਆਂ ਅਤੇ ਕਾਰਡ ਅਕਾਊਂਟ 'ਤੇ ਲਾਗੂ ਹੋਣ ਯੋਗ ਸਾਰੇ ਖਰਚਿਆਂ ਲਈ ਇੱਕ ਮਹੀਨੇਵਾਰ ਅਧਾਰ 'ਤੇ ਤਿਆਰ ਕੀਤਾ ਜਾਵੇਗਾ । ਹਾਲਾਂਕਿ ਹੋ ਸਕਦਾ ਹੈ ਕਿ ਉਸ ਮਿਆਦ ਲਈ ਕੋਈ ਸਟੇਟਮੈਂਟ ਨਾ ਤਿਆਰ ਕੀਤੀ ਜਾਵੇ ਜਿਸ ਦੌਰਾਨ ਕੋਈ ਬਕਾਇਆ ਰਕਮ ਨਾ ਹੋਵੇ ਅਤੇ ਪਿਛਲੇ ਮਹੀਨੇ ਵਿੱਚ ਖਾਤੇ 'ਤੇ ਕੋਈ ਲੈਣ–ਦੇਣ ਨਾ ਹੋਇਆ ਹੋਵੇ ।

ICICI ਬੈਂਕ ਇਹ ਯਕੀਨੀ ਬਣਾਉਣ ਲਈ ਢੁੱਕਵੀਂ ਸੁਰੱਖਿਆ ਨਾਲ ਔਨਲਾਈਨ ਸਟੇਟਮੈਂਟ ਮੁਹੱਈਆ ਕਰਾਉਣ ਦਾ ਜਤਨ ਕਰੇਗਾ ਕਿ ਸਟੇਟਮੈਂਟ ਸਿਰਫ਼ ਕਾਰਡ ਮੈਂਬਰ ਵੱਲੋਂ ਹੀ ਦੇਖੀ ਜਾ ਸਕੇ ।

ਕਿਸੇ ਵੀ ਕਾਰਨ ਕਰਕੇ, ਸਟੇਟਮੈਂਟ ਦੇ ਨਾ ਮਿਲਣ ਦੀ ਸਥਿਤੀ ਵਿੱਚ, ICICI ਬੈਂਕ ਵੱਲੋਂ ਉਸਨੂੰ ਡਾਕ ਰਾਹੀਂ ਭੇਜਣ ਵਿੱਚ ਕੋਈ ਦੇਰੀ ਨਹੀਂ ਲੰਗੇਗੀ, ਕਾਰਡ ਮੈਂਬਰ ICICI ਬੈਂਕ ਨੂੰ ਭੁਗਤਾਨ ਦੀ ਦੇਣਯੋਗ ਤਾਰੀਖ ਤੱਕ ਉਸ ਕੋਲ ਪਈਆਂ ਖਰਚੇ ਦੀਆਂ ਪਰਚੀਆਂ ਦੀਆਂ ਕਾਪੀਆਂ ਵਰਤ ਕੇ ਸਾਰੇ ਬਕਾਇਆਂ ਦਾ ਹਿਸਾਬ ਲਗਾ ਕੇ ਜਾਂ ICICI ਬੈਂਕ 24–ਘੰਟੇ ਕਸਟਮਰ ਕੇਅਰ ਸੈਂਟਰ ਨੂੰ ਫ਼ੋਨ ਰਾਹੀਂ ਪੁੱਛ ਕੇ ਕੁੱਲ ਰਾਸ਼ੀ ਦਾ ਭੁਗਤਾਨ ਕਰੇਗਾ ।

## XV. ਮਰਚੈਂਟ ਅਧਾਰਤ ਕਿਸ਼ਤਾਂ ਦੇ ਪ੍ਰੋਗ੍ਰਾਮ ਲਈ ਸ਼ਰਤਾਂ

''ਈਐਮਆਈ'' ਜਾਂ 'ਬਰਾਬਰ ਕੀਤੀ ਮਾਸਿਕ ਕਿਸ਼ਤ' ਦਾ ਮਤਲਬ ਹੈ ਕਾਰਡ ਮੈਂਬਰ ਦੁਆਰਾ ਆਈਸੀਆਈਸੀਆਈ ਬੈਂਕ ਨੂੰ ਦੇਣ ਯੋਗ ਰਕਮਾਂ ਦੀ ਬਰਾਬਰ ਕੀਤੀ ਅਸਿਕ ਕਿਸ਼ਤ, ਜਿਨ੍ਹਾਂ ਵਿੱਚ ਸ਼ਾਮਲ ਹੈ ਮੂਲ ਰਕਮ, ਵਿਆਜ ਅਤੇ, ਜੇ ਕੋਈ ਲਾਗੂ ਹੈ ਤਾਂ ਕੋਈ ਵੀ ਦੂਜੇ ਚਾਰਜਜ਼ ।

'ਇਨਸਟੈਂਟ ਈਐਮਆਈ' ਤੋਂ ਭਾਵ ਹੈ ਕਾਰਡ ਮੈਂਬਰ ਦੀ ਦਰਖ਼ਾਸਤ 'ਤੇ, ਆਈਸੀਆਈਸੀਆਈ ਬੈਂਕ ਈਡੀਸੀ (ਇਲੈਕਯ੍ਰਾਨਿਕ ਡੇਟਾ ਕੈਪਚਾਰ) ਟਰਮੀਨਲ 'ਤੇ ਕਾਰਡ ਵਰਤ ਕੇ ਕੀਤੇ ਗਏ ਟ੍ਰਾਂਜ਼ੈਕਸ਼ਨਾਂ ਅਤੇ/ਜਾਂ ਐਸੇ ਆਨਲਾਈਨ ਟ੍ਰਾਂਜ਼ੈਕਸ਼ਨਾਂ ਲਈ, ਜ਼ਿਥੇ ਐਸੇ ਬਦਲਾਉ ਉਪਲਬਧ ਹਨ, ਈਐਮਆਈ ਵਿੱਚ ਬਦਲ ਦੇਣਾ । ਆਈਸੀਆਈਸੀਆਈ ਬੈਂਕ ਆਪਣੀ ਇਕਹਿਰੀ ਮਰਜ਼ੀ ਅਨੁਸਾਰ ਇਸ ਦਾ ਹੱਕਦਾਰ

ਹੋਏਗਾ ਕਿ ਕ੍ਰੈਡਿਟ ਕਾਰਡ 'ਤੇ ਵਿਅਕਤੀਗਤ ਕਾਰਡ ਮੈਂਬਰ ਨੂੰ ਇਨਸਟੈਂਟ ਈਐਮਆਈ ਉਪਲਬਧ ਕਰਾ ਸਕੇ, ਬਿਨਾ ਕਾਰਡ ਮੈਂਬਰ ਦੀ ਜ਼ਿੰਮੇਵਾਰੀ ਪ੍ਰਤੀ ਕਿਸੇ ਵਿਰਕਰੇ ਦੇ ਕਿ ਉਹ ਚਾਰਜ ਦੇ ਖ਼ਰਚੇ ਦਾ ਫ਼ੌਰਨ ਭੁਗਤਾਨ ਕਰ ਸਕੇ, ਕਾਰਡ ਮੈਂਬਰ ਕੁਝ ਖ਼ਰੀਦਾਰੀਆਂ ਲਈ ਬਰਾਬਰ ਕੀਤੀਆਂ ਮਾਸਿਕ ਕਿਸ਼ਤਾਂ (ਈਐਮਆਈ) ਨਾਲ ਭੁਗਤਾਨ ਕਰਨਤ ਦਾ ਵਿਕਲਪ ਵਰਤਣਾ ਚਾਹ ਸਕਦਾ ਹੈ ਜਿਵੇਂ ਕਿ ਆਈਸੀਆਈਸੀਆਈ ਬੈਂਕ ਦੇ 24–ਘੰਟੇ ਚਾਲੂ ਰਹਿਣ ਵਾਲੇ ਕਸਟਮਰ ਕੇਅਰ ਸੈਂਟਰ ਦੁਆਰਾ ਕਾਰਡ ਮੈਂਬਰ ਨੂੰ ਸੂਚਿਤ ਕੀਤਾ ਜਾਏਗਾ ਅਤੇ ਜਿਵੇਂ ਕਿ ਕਾਰਡ ਮੈਂਬਰ ਨੂੰ ਭੇਜੀ ਗਈ ਸਟੇਟਮੈਂਟ ਵਿੱਚ ਦੱਸਿਆ ਗਿਆ ਹੈ, ਜੋ ਕਿ ਹੇਠਲੀਆਂ ਸ਼ਰਤਾਂ ਅਧੀਨ ਹੋਏਗਾ:

(i) ਇੱਕ ਵਾਰ ਕਾਰਡ ਮੈਂਬਰ ਦੁਆਰਾ ਇਨਸਟੈਂਟ ਈਐਮਆਈ ਨਾਲ ਭੁਗਤਾਨ ਕਰਨ ਦਾ ਵਿਕਲਪ ਚੁਣ ਲਏ ਜਾਣ 'ਤੇ, ਕਿਸੇ ਵੀ ਬਦਲਾਉ 'ਤੇ ਪ੍ਰੀ–ਕਲੋਜ਼ਰ ਚਾਰਜ ਲੱਗੇਗਾ ਜਿਵੇਂ ਕਿ ਖ਼ਰੀਦਾਰੀ ਦੀ ਕਿਸਮ ਦੇ ਆਧਾਰ 'ਤੇ ਆਈਸੀਆਈਸੀਆਈ ਬੈਂਕ ਦੁਆਰਾ ਸਮੇਂ ਸਮੇਂ ਤੈਅ ਕੀਤਾ ਜਾਵੇ ।

(ii) ਜੇ ਬਿੱਲ ਕੀਤੇ ਅਤੇ ਬਕਾਇਆ ਚਾਰਜਜ਼ ਦੇ ਕਿਸੇ ਭਾਗ ਨੂੰ ਇਨਸਟੈਂਟ ਈਐਮਆਈ ਵਿੱਚ ਅਦਾ ਕਰਨ ਦੀ ਨਾ ਹੋਵੇ, ਅਤੇ ਐਸੇ ਭਾਗ ਦਾ ਭੁਗਤਾਨ ਬਾਕੀ ਦੇਣਯੋਗ ਤਾਰੀਖ਼ ਤਕ ਨਾ ਕੀਤਾ ਜਾਏ, ਤਾਂ ਇਸ ਉੱਤੇ ਐਸਾ ਵਿਆਜ, ਸਰਵਿਸ ਚਾਰਜ ਅਤੇ ਦੇਰ ਨਾਲ ਭੁਗਤਾਨ ਦਾ ਚਾਰਜ ਧਾਰਾ ਣਖ ਵਿੱਚ ਦਰਸਾਏ ਅਨੁਸਾਰ ਲਗਾਇਆ ਜਾਏਗਾ ।

(iii) ਇਨਸਟੈਂਟ ਈਐਮਆਈ ਸਹੂਲਤ ਉਸ ਕ੍ਰੈਡਿਟ ਕਾਰਡ ਦੇ ਮਾਮਲੇ ਵਿੱਚ ਉਪਲਬਧ ਹੋਏਗੀ ਜਿਸ ਵਿੱਚ ਇਸ ਵੇਲੇ ਹੇਠਲੀਆਂ ਖ਼ਰੀਦਾਰੀਆਂ ਸ਼ਾਮਲ ਹਨ ਜਿਵੇਂ

(ਏ) ਮਰਚੈਂਟ ਇਸਟੈਬਲਿਸ਼ਮੈਂਟਾਂ ਵਿਖੇ ਨਵੀਆਂ ਖ਼ਰੀਦਾਰੀਆਂ

(ਬੀ) ਮਰਚੈਂਟ ਇਸਟੈਬਲਿਸ਼ਮੈਂਟਾਂ ਵਿੱਖੇ ਪਿਛਲੀਆਂ ਖ਼ਰੀਦਾਰੀਆਂ ਦਾ ਆਈਸੀਆਈਸੀਆਈ ਬੈਂਕ ਦੇ 24 ਘੰਟੇ ਦੇ ਕਸਟਮਰ ਕੇਅਰ ਸੈਂਟਰ ਦੁਆਰਾ ਬਦਲਾਉ ।

(iii) ਇਨਸਟੈਂਟ ਈਐਮਆਈ ਸਹੂਲਤ ਕਾਰਡ ਮੈਂਬਰ ਲਈ ਆਈਸੀਆਈਸੀਆਈ ਬੈਂਕ ਦੀ ਇਕਹਿਰੀ ਮਰਜ਼ੀ 'ਤੇ ਉਪਲਬਧ ਹੈ ਅਤੇ ਐਸੀ ਸਹੂਲਤ ਉਪਲਬਧ ਹੋਏਗੀ :

(ਏ) ਐਸੇ ਅਰਸੇ ਲਈ ਅਤੇ ਐਸੇ ਮਰਚੈਂਟ ਇਸਟਬੈਲਿਸ਼ਮੈਂਟਾਂ 'ਤੇ ਜਿਵੇਂ ਕਿ ਆਈਸੀਆਈਸੀਆਈ ਬੈਂਕ ਫ਼ੈਸਲਾ ਕਰੇ;

(ਬੀ) ਇਨਸਟੈਂਟ ਈਐਮਆਈ ਦਾ ਵਿਲਾਜ ਘਟਕ ਆਈਸੀਆਈਸੀਆਈ ਬੈਂਕ ਦੇ ਫ਼ੈਸਲੇ ਅਨੁਸਾਰ ਕਾਰਡ ਮੈਂਬਰ ਅਤੇ ਮਰਚੈਂਟ ਨਿਰਧਾਰਿਤ ਹੋਣਗੇ;

(ਸੀ) ਡਾਊਨ ਪੇਮੈਂਟ ਦੀ ਰਕਮ, ਟ੍ਰਾਂਜ਼ੈਕਸ਼ਨ ਫ਼ੀਸ ਦੀ ਰਕਮ ਅਤੇ ਇਨਸਟੈਂਟ ਈਐਮਆਈ ਦੇ ਭੁਗਤਾਨ ਦੀ ਅਵਧੀ ਅਤੇ ਦੂਜਾ ਭੁਗਤਾਨ ਵੇਰਵਾ ਆਈਸੀਆਈਸੀਆਈ ਬੈਂਕ ਦੇ ਫ਼ੈਸਲੇ ਅਨੁਸਾਰ ਕਾਰਡ ਮੈਂਬਰ ਅਤੇ ਮਰਚੈਂਟ ਨਿਰਧਾਰਿਤ ਹੋਣਗੇ ।

**XVI. ਆਟੋ ਡੈਬਿਟ ਸਹੂਲਤ**

ਕਾਰਡ ਮੈਂਬਰ ਕਾਰਡ ਦੇ ਦੇਣਯੋਗ ਬਕਾਇਆਂ ਦਾ ਭੁਗਤਾਨ ਕਰਨ ਲਈ ਆਟੋ ਡੈਬਿਟ ਸਹੂਲਤ ਦਾ ਲਾਭ ਉਠਾ ਸਕਦਾ ਹੈ । ਆਟੋ ਡੈਬਿਟ ਸਹੂਲਤ ਦਾ ਲਾਭ ਉਠਾਉਣ 'ਤੇ, ਉੱਪਰ ਜ਼ਿਕਰ ਕੀਤੀ ਰਾਸ਼ੀ ਲਈ, ਕਾਰਡ ਮੈਂਬਰ ਨੂੰ ਭੇਜੀ ਗਈ ਸਟੇਟਮੈਂਟ ਵਿੱਚ ਦਰਸਾਈ ਗਈ ਭੁਗਤਾਨ ਦੀ ਦੇਣਯੋਗ ਤਾਰੀਖ ਨੂੰ, ਕਾਰਡ ਮੈਂਬਰ ਦੇ ਬੈਂਕ ਖਾਤੇ (ਜਿਸ ਦੇ ਵੇਰਵੇ ICICI ਬੈਂਕ ਨੂੰ ਦਿੱਤੇ ਜਾਣਗੇ) ਵਿੱਚੋਂ ਪੈਸੇ ਨਿਕਲ ਜਾਣਗੇ । ਹਾਲਾਂਕਿ, ਇਸ ਪ੍ਰਤਿੱਗਿਆ ਨਾਲ, ਭੁਗਤਾਨ ਦੀ ਦੇਣਯੋਗ ਤਾਰੀਖ ਇੱਕ ਕਾਰੋਬਾਰੀ ਦਿਨ ਨੂੰ ਹੋਣੀ ਚਾਹੀਦੀ ਹੈ, ਨਹੀਂ ਤਾਂ ਬੈਂਕ ਖਾਤੇ ਵਿੱਚੋਂ ਪੈਸੇ ਛੁੱਟੀ ਤੋਂ ਤੁਰੰਤ ਬਾਅਦ ਆਉਣ ਵਾਲੇ ਦਿਨ ਨੂੰ ਕੱਢੇ ਜਾਣਗੇ । ਭੁਗਤਾਨ ਦੀ ਦੇਣਯੋਗ ਤਾਰੀਖ ਨੂੰ ਕਥਿਤ ਬੈਂਕ ਖਾਤੇ ਵਿੱਚ ਲੋੜੀਂਦੇ ਪੈਸੇ ਨਾ ਹੋਣ ਦੀ ਸਥਿਤੀ ਵਿੱਚ, ਕਾਰਡ ਮੈਂਬਰ ਕਾਰਡ ਦੇ ਬਕਾਇਆਂ ਤੋਂ ਇਲਾਵਾ ਲਾਗੂ ਹੁੰਦੇ ਸਾਰੇ ਖ਼ਰਚਿਆਂ ਦਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਹੋਵੇਗਾ । ਕਾਰਡ ਮੈਂਬਰ ਸਹਿਮਤੀ ਜਤਾਉਂਦਾ ਹੈ ਅਤੇ ਪੁਸ਼ਟੀ ਕਰਦਾ ਹੈ ਕਿ ਉਸ ਵੱਲੋਂ ਆਟੋ ਡੈਬਿਟ ਸਹੂਲਤ ਦਾ ਲਾਭ ਉਠਾਉਣ ਲਈ ICICI ਬੈਂਕ ਨੂੰ ਜਮ੍ਹਾਂ ਕਰਾਏ ਸਾਰੇ ਵੇਰਵੇ ਸਹੀ ਅਤੇ ਪੂਰੇ ਹੋਣਗੇ । ਜੇ ਆਟੋ ਡੈਬਿਟ ਟ੍ਰਾਂਜ਼ੈਕਸ਼ਨ ਵਿੱਚ ਦੇਰ ਲਗਾਦੀ ਹੈ ਜਾਂ ਅਧੂਰੀ ਜਾਂ ਗਲਤ ਜਾਣਕਾਰੀ ਦੇ ਕਾਰਨਾ ਕਰਕੇ ਜਾਂ ਕਿਸੇ ਵੀ ਹੋਰ ਕਾਰਨ ਕਰਕੇ ਬਿਲਕੁਲ ਲਾਗੂ ਹੀ ਨਹੀਂ ਹੁੰਦੀ ਤਾਂ ICICI ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ

। ਕਾਰਡ ਮੈਂਬਰ ਅੰਗੇ ਇਹ ਸਹਿਮਤੀ ਜਤਾਉਂਦਾ ਹੈ ਅਤੇ ਕਾਰਡ ਮੈਂਬਰ ਦੇ ਬੈਂਕ ਨੂੰ ICICI ਬੈਂਕ ਦੇ ਚੱਕ ਵਿੱਚ ਜਾਰੀ ਕੀਤੀਆ ਆਟੋ ਡੈਬਿਟ ਹਿਦਾਇਤਾਂ ਬਾਰੇ ਸੂਚਤ ਕਰਨ, ਅਤੇ ਪਹਿਲਾ ICICI ਬੈਂਕ ਦੀ ਮੰਜ਼ੂਰੀ ਲਏ ਬਿਨਾਂ ਕਥਿਤ ਬੈਂਕ ਖਾਤਾ ਬੰਦ ਨਾ ਕਰਨ ਦੀ ਜ਼ਿੰਮੇਵਾਰੀ ਲੈਂਦਾ ਹੈ। ਅਜਿਹੀਆਂ ਹਿਦਾਇਤਾ ICICI ਬੈਂਕ ਦੀ ਲਿਖਤੀ ਮੰਜ਼ੂਰੀ ਲੈਣ ਤੋਂ ਛੁੱਟ ਵਾਪਸ ਨਹੀਂ ਲਈਆਂ ਜਾ ਸਕਦੀਆਂ ਜਾਂ ਰੱਦ ਨਹੀਂ ਕੀਤੀਆਂ ਜਾ ਸਕਦੀਆਂ ।

**XVII. ਵਾਪਸ ਹੋਏ ਭੁਗਤਾਨ**

ਜੇਕਰ ਕਾਰਡ ਮੈਂਬਰ ਵੱਲੋਂ, ਆਪਣੇ ਕਾਰਡ ਦੇ ਬਕਾਇਆ ਦੇ ਭੁਗਤਾਨ ਪ੍ਰਤੀ ਦਿੱਤਾ ਗਿਆ ਕੋਈ ਵੀ ਚੈਂਕ, ਜਾਂ ਕੋਈ ਭੁਗਤਾਨ ਲਿਖਤ ਜਾਂ ਹਿਦਾਇਤ, ਸਵੀਕਾਰ ਨਹੀਂ ਕੀਤਾ ਜਾਂਦਾ ਜਾਂ ਕਾਰਡ ਮੈਂਬਰ ਨੂੰ ਮੋੜਿਆ ਜਾਣਾ ਲਾਜ਼ਮੀ ਹੈ ਕਿਉਂਕਿ ਇਸ ਨੂੰ ਅਮਲ ਵਿੱਚ ਨਹੀਂ ਲਿਆਂਦਾ ਜ ਸਕਦਾ, ਤਾਂ ICICI ਬੈਂਕ ਕਾਰਡ ਮੈਂਬਰ ਵਿਰੁੱਧ ਕਾਨੂੰਨੀ ਕਾਰਵਾਈਆਂ ਸ਼ੁਰੂ ਕਰਨ ਦਾ ਅਧਿਕਾਰ ਰਾਖਵਾਂ ਰਖਦਾ ਹੈ ਅਤੇ ਆਪਣੇ ਇੱਕਮਾਤਰ ਇਖਤਿਆਰ 'ਤੇ ਫ਼ੀਸ ਲਗਾਏਗਾ ਅਤੇ/ਜਾਂ ਆਰਜ਼ੀ/ਸਥਾਈ ਤੌਰ 'ਤੇ ਕਾਰਡ ਨੂੰ ਰੱਦ ਕਰ ਦੇਵੇਗਾ । ਕਾਰਡ ਮੈਂਬਰ ਚੈੱਕ ਵਾਪਸੀ ਦੇ ਖਰਚਿਆਂ ਅਤੇ ਦੇਰ ਨਾਲ ਭੁਗਤਾਨ ਕਰਨ ਦੇ ਜਾਂ ਕੋਈ ਹੋਰ ਖਰਚਿਆਂ ਜਿਹਨਾਂ ਬਾਰੇ ICICI ਬੈਂਕ ਵੱਲੋਂ ਫ਼ੈਸਲਾ ਕੀਤਾ ਜਾਵੇਗਾ, ਦਾ ਭੁਗਤਾਨ ਕਰਨ ਲਈ ਵੀ ਜ਼ਿੰਮੇਵਾਰ ਹੋਵੇਗਾ ।

**XVIII. ਝਗੜੇ**

ICICI ਬੈਂਕ ਨੂੰ ਭੁਗਤਾਨ ਲਈ ਪ੍ਰਾਪਤ ਹੋਈ ਕੋਈ ਖਰਚੇ ਦੀ ਪਰਚੀ, ਜਾਂ ਕੋਈ ਭੁਗਤਾਨ ਦੀ ਮੰਗ, ਪਰਿਣਾਮੀ ਸਬੂਤ ਹੋਵੇਗੀ ਕਿ ਕਿਸੇ ਅਜਿਹੀ ਖਰਚਾ ਪਰਚੀ ਜਾਂ ਹੋਰ ਮੰਗ 'ਤੇ ਦਰਜ ਕੀਤਾ ਗਿਆ ਖਰਚਾ, ਕਾਰਡ ਮੈਂਬਰ 'ਤੇ ਸਹੀ ਢੰਗ ਨਾਲ ਪਾਇਆ ਗਿਆ ਸੀ, ਬਸ਼ਰਤੇ ਕ੍ਰੈਡਿਟ ਕਾਰਡ ਗੁੰਮ, ਚੋਰੀ ਜਾਂ ਧੋਖਾਧੜੀ ਨਾਲ ਗਲਤ ਢੰਗ ਨਾਲ ਵਰਤਿਆ ਜਾਂਦਾ ਹੈ ਅਤੇ ਇਸ ਬਾਰੇ ਸੂਚਨਾ ਇਥੇ ਉੱਪਰ ਦੱਸੀ ਗਈ ਦਫ਼ਾ IX ਮੁਤਾਬਕ ਦਿੱਤੀ ਜਾਂਦੀ ਹੈ, ਜਿਸ ਦੇ ਸਬੂਤ ਦਾ ਭਾਰ ਕਾਰਡ ਮੈਂਬਰ ਉੱਤੇ ਹੋਵੇਗਾ । ਇਸ ਦਫ਼ਾ ਵਿੱਚ ਦੱਸੀ ਗਈ ਕੋਈ ਹੋਰ ਭੁਗਤਾਨ ਮੰਗ ਵਿੱਚ ਕਿਸੇ ਕਾਰਡ ਮੈਂਬਰ ਵੱਲੋਂ ਮਰਚੈਂਟ ਐਸਟੈਬਲਿਸ਼ਮੈਂਟ ਵਿਖੇ ਕਾਰਡ ਦੀ ਵਰਤੋਂ ਨਾਲ ਪਏ ਮੰਜ਼ੂਰਸ਼ੁਦਾ ਖਰਚਿਆਂ ਨਾਲ ਸਬੰਧਤ ਕੋਈ ਅਤੇ ਸਾਰੇ ਭੁਗਤਾਨ ਸ਼ਾਮਲ ਹੋਣਗੇ, ਜਿਸਨੂੰ ਇੱਕ ਖਰਚੇ ਵਜੋਂ ਦਰਜ ਨਹੀਂ ਕੀਤਾ ਗਿਆ ਹੈ ।

ਅਜਿਹੀਆਂ ਖਰਚਾ ਪਰਚੀਆਂ, ਜਿਹਨਾਂ ਉੱਪਰ ਕਾਰਡ ਨੰਬਰ ਲਿਖਿਆ ਹੋਵੇ, 'ਤੇ ਕਾਰਡ ਮੈਂਬਰ ਦੇ ਦਸਤਖ਼ਤ ਕਾਰਡ ਮੈਂਬਰ ਵੱਲੋਂ ਉਠਾਈ ਗਈ ਜ਼ਿੰਮੇਵਾਰੀ ਦਾ ਪਰਿਣਾਮੀ ਪ੍ਰਮਾਣ ਹੋਵੇਗਾ ICICI ਬੈਂਕ 24-ਘੰਟੇ ਕਸਟਮਰ ਕੇਅਰ ਸੈਂਟਰ/ਇਨਫ਼ਿਨਿਟੀ ਪਹੁੰਚ ਰਾਹੀਂ ICICI ਬੈਂਕ 24-ਘੰਟੇ ਕਸ ਟਮਰ ਕੇਅਰ ਸੈਂਟਰ/ਇਨਫ਼ਿਨਿਟੀ 'ਤੇ ਵਰਤੀਆਂ ਗਈਆਂ ਸਹੂਲਤਾਂ ਦੇ ਮਾਮਲੇ ਵਿੱਚ APIN ਪਾਸਵਰਡ/ਯੂਜ਼ਰ ਆਈ ਡੀ ਦੀ ਵਰਤੋਂ ਕਰਨਾ ਟ੍ਰਾਂਜ਼ੈਕਸ਼ਨ ਨੂੰ ਲਾਗੂ ਕਰ ਰਹੇ ਕਾਰਡ ਮੈਂਬਰ ਦਾ ਪਰਿਣਾਮੀ ਸਬੂਤ ਹੋਵੇਗਾ ICICI ਬੈਂਕ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਨਹੀਂ ਹੋਵੇਗੀ ਕਿ ਕਾਰਡ ਮੈਂਬਰ ਨੂੰ ਵਾਜਬ ਰੂਪ ਵਿੱਚ ਖਰੀਦੀਆਂ ਗਈਆਂ ਚੀਜ਼ਾਂ ਜਾਂ ਸੇਵਾਵਾਂ ਪ੍ਰਾਪਤ ਹੋ ਗਈਆਂ ਹਨ । ਜੇ ਕਿਸੇ ਸਥਿਤੀ ਵਿੱਚ ਕਾਰਡ ਮੈਂਬਰ ਸਟੇਟਮੈਂਟ ਵਿੱਚ ਦਰਸਾਏ ਗਏ ਕਿਸੇ ਖ਼ਰਚੇ ਨਾਲ ਅਸਹਿਮਤ ਹੋਣ ਦਾ ਫ਼ੈਸਲਾ ਕਰਦਾ ਹੈ, ਤਾਂ ਇਸ ਬਾਰੇ ICICI ਬੈਂਕ ਨੂੰ ਸਟੇਟਮੈਂਟ ਮਿਲਣ ਦੇ 60 (ਮੱਠ) ਦਿਨਾਂ ਦੇ ਅੰਦਰ-ਅੰਦਰ ਸੂਚਤ ਕੀਤਾ ਜਾਣਾ ਚਾਹੀਦਾ ਹੈ, ਅਜਿਹਾ ਕਰਨ ਵਿੱਚ ਅਸਫ਼ਲ ਰਹਿਣ 'ਤੇ ਇਹ ਸਮਝਿਆ ਜਾਵੇਗਾ ਕਿ ਸਟੇਟਮੈਂਟ ਵਿੱਚ ਦਰਸਾਏ ਗਏ ਸਾਰੇ ਖ਼ਰਚੇ ਸਹੀ ਹਨ ।

**XIX. ਸੁਰੱਖਿਆ**

ਕਿਸੇ ਸੁਰੱਖਿਅਤ ਕ੍ਰੈਡਿਟ ਕਾਰਡ ਦੇ ਮਾਮਾਲੇ ਵਿੱਚ ਕਾਰਡ ਅਕਾਊਂਟ 'ਤੇ ਸਮੁੱਚੀ ਬਕਾਇਆ ਰਾਸ਼ੀ, ਵਿਆਜ ਅਤੇ ਹੋਰ ਸਾਰੀਆਂ ਲਾਗਤਾਂ, ਖ਼ਰਚਿਆਂ ਜਿਹਨਾ ਦਾ ਜ਼ਿਕਰ ਇੱਥੇ ਕੀਤਾ ਗਿਆ ਹੈ, ਜੋ ਲਾਗੂ ਹੋ ਚੁੱਕੇ ਹਨ ਪਰ ਅਜੇ ਤੱਕ ਕਾਰਡ ਮੈਂਬਰ ਵੱਲੋਂ ਕਾਰਡ ਦੀ ਵਰਤੋਂ ਦੌਰਾਨ ਕਾਰਡ ਅਕਾਊਂਟ ਵਿੱਚ ਨਹੀਂ ਲਗਾਏ ਗਏ, ਸਮੇਤ ਬਕਾਇਆ ਕਾਰਡ ਟ੍ਰਾਂਜ਼ੈਕਸ਼ਨਾਂ ਦੀ ਕੋਈ ਰਾਸ਼ੀ ਅਜਿਹੀਆਂ ਸਿਕਿਓਰਟੀਆਂ/ਫ਼ਿਕਸਡ ਡਿਪਾਜ਼ਿਟਾਂ/ਅਜਿਹੇ ਹੋਰ ਅਸਾਸਿਆਂ ਜਿਹੜੇ ICICI ਬੈਂਕ ਵਲੋਂ ਕਾਰਡ ਮੈਂਬਰ ਦੇ ਨਾਮ 'ਤੇ ਇਕੱਲੇ ਜਾਂ ਕਿਸੇ ਹੋਰ ਵਿਅਕਤੀ ਨਾਲ ਮਾਝੇ ਤੌਰ 'ਤੇ ਸਥਾਈ ਹੋਣ ਵਜੋਂ ਜਾਂ ਤੀਜੀ ਧਿਰ ਦੇ ਨਾਮ 'ਤੇ ਖੜ੍ਹੀਆਂ ਸਿਕਿਓਰਟੀਆਂ ਵਜੋਂ ਪ੍ਰਵਾਨਤ ਹੋਣ, ਦੀ ਉਸ ਰੂਪ ਅਤੇ ਢੰਗ ਨਾਲ ਜ਼ਮਾਨਤ/ਗਿਰਵੀ ਰੱਖਣ ਦੁਆਰਾ ਸੁਰੱਖਿਅਤ ਕੀਤੀ ਜਾਵੇਗੀ, ਜੋ ICICI ਬੈਂਕ ਵੱਲੋਂ ਨਿਰਧਾਰਤ ਕੀਤੀਆਂ ਗਈਆਂ ਹਨ । ਕਾਰਡ ਮੈਂਬਰ ਅਜਿਹੇ ਸਾਰੇ ਦਸਤਾਵੇਜ਼ਾਂ ਨੂੰ ਅਜਿਹੇ ਰੂਪ ਅਤੇ ਢੰਗ ਨਾਲ ਲਾਗੂ ਕਰੇਗਾ ਜੋ ਸੁਰੱਖਿਆ ਬਣਾਉਣ ਲਈ ICICI ਬੈਂਕ ਲਈ ਤਸੱਲੀਬਖਸ਼ ਹੋਵੇ । ਸੁਰੱਖਿਆ ਬਣਾਉਣ ਅਤੇ ਹੋਰ ਸਾਰੀਆਂ ਕਾਰਵਾਈਆਂ ਨੂੰ ਪੂਰਾ ਕਰਨ ਵਿੱਚ ਸ਼ਾਮਲ ਖਰਚੇ, ਸਟੈਂਪ ਡਿਊਟੀ ਆਦਿ ਸਮੇਤ ਪਰ ਇੱਥੇਂ

ਤੱਕ ਹੀ ਸੀਮਤ ਨਹੀਂ, ਕਾਰਡ ਮੈਂਬਰ ਵੱਲੋਂ ਝੱਲੋਂ ਜਾਣਗੇ ।

### XX. ਉਗਰਾਹੀਆਂ

ICICI ਬੈਂਕ ਕਾਰਡ ਮੈਂਬਰ ਦੇ ਇੱਕਮਾਤਰ ਖਤਰੇ ਅਤੇ ਖਰਚੇ 'ਤੇ, ਕਾਰਡ ਮੈਂਬਰ ਦੇ ਬਕਾਇਆਂ ਦੀ ਵਸੂਲੀ ਕਰਨ ਲਈ ਅਤੇ/ਜਾਂ ਕਾਰਡ ਮੈਂਬਰ ਵੱਲੋਂ ਮੁਹੱਈਆ ਕਰਾਈ ਗਈ ਕੋਈ ਸਿਕਿਓਰਟੀ ਲਾਗੂ ਕਰਨ ਲਈ ਇੱਕ ਜਾਂ, ਵਧੇਰੇ ਵਿਅਕਤੀਆਂ ਨੂੰ ਲਗਾਉਣ ਦਾ ਹੱਕਦਾਰ ਹੋਵੇਗਾ, ਅਤੇ ICICI ਬੈਂਕ ਅਜਿਹੇ ਵਿਅਕਤੀ (ਆਂ) ਨੂੰ (ਅਜਿਹੇ ਉਦੇਸ਼ਾਂ ਲਈ) ਕਾਰਡ ਦੇ ਮੈਂਬਰ ਵਿੱਚ ਅਜਿਹੀ ਜਾਣਕਾਰੀ, ਤੱਥ, ਅਤੇ ਅੰਕੜੇ ਅਤੇ ਸਿਕਿਓਰਟੀ ਦੇ ਸਕਦਾ ਹੈ ਜਿਵੇਂ ICICI ਨੂੰ ਠੀਕ ਲੱਗੇ । ICICI ਬੈਂਕ ਅਜਿਹੇ ਵਿਅਕਤੀ (ਆਂ) ਨੂੰ ਇਸ ਨਾਲ ਜੁੜੇ, ਜਾਂ ਇਧ ਮਾਮਲੇ ਵਿੱਚ ਇਤਫ਼ਾਕੀਆ ਜੁੜੇ ਸਾਰੇ ਕਾਰਜਾਂ, ਹੁੰਡੀਆਂ, ਮਾਮਲਿਆਂ ਅਤੇ ਚੀਜ਼ਾਂ ਨੂੰ ਕਰਨ ਤੇ ਨੇਪਰੇ ਚਾੜ੍ਹਨ ਦਾ ਅਧਿਕਾਰ ਸੌਂਪ ਸਕਦਾ ਹੈ, ਜਿਵੇਂ ਵੀ ICICI ਬੈਂਕ ਠੀਕ ਸਮਝੇ ।

### XXI. ਚੀਜ਼ਾਂ ਅਤੇ ਸੇਵਾਵਾਂ ਦਾ ਮਿਆਰ

ICICI ਬੈਂਕ, ਕਿਸੇ ਵੀ ਢੰਗ ਨਾਲ, ਵਪਾਰਕ ਮਾਲ, ਮਰਚੈਂਟ ਐਫਟੈਬਲਿਫ਼ਮੈਂਟ ਤੋਂ ਖਰੀਦੇ ਗਏ ਵਪਾਰਕ ਮਾਲ, ਵਪਾਰਕ ਮਾਲ ਦੀ ਵਾਰੰਟੀ ਜਾਂ ਕਾਰਡ ਮੈਂਬਰ ਵੱਲੋਂ ਖਰੀਦੀਆਂ ਗਈਆਂ, ਜਾਂ ਲਾਭ ਉਠਈਆਂ ਗਈਆਂ ਸੇਵਾਵਾਂ, ਲਈ ਜ਼ਿਮੇਵਾਰ ਨਹੀਂ ਹੋਵੇਗਾ, ਜਿਹਨਾਂ ਵਿੱਚ ਕਾਰਡ ਮੈਂਬਰ ਵੱਲੋਂ ਡਲੀਵਰੀ ਵਿੱਚ ਦੇਰੀ ਦੇ ਕਾਰਨ, ਡਲੀਵਰੀ ਨਾ ਹੋਣ, ਚੀਜ਼ਾਂ ਦੇ ਨਾ ਪ੍ਰਾਪਤ ਹੋਣ ਜਾਂ ਨੁਕਸਦਾਰ ਚੀਜ਼ਾਂ ਮਿਲਣ ਵੀ ਸ਼ਾਮਲ ਹੈ । ਸਪਸ਼ਟ ਰੂਪ ਵਿੱਚ ਇਹ ਸਮਝ ਲਿਆ ਜਾਣਾ ਚਾਹੀਦਾ ਹੈ ਕਿ ਕ੍ਰੈਡਿਟ ਕਾਰਡ ਚੀਜ਼ਾਂ ਖਰੀਦਣ ਅਤੇ/ਜਾਂ ਸੇਵਾਵਾਂ ਦਾ ਲਾਭ ਉਠਾਉਣ ਲਈ ਕਾਰਡ ਮੈਂਬਰ ਵਾਸਤੇ ਸਿਰਫ਼ ਇੱਕ ਸਹੂਲਤ ਹੈ । ICICI ਬੈਂਕ ਵਪਾਰਕ ਮਾਲ ਦੀ ਗੁਣਵੱਤਾ, ਵੰਡ ਜਾਂ ਉਂਝ ਕੋਈਵਾਰੰਟੀ ਨਹੀਂ ਲੈਂਦਾ ਜਾਂ ਕੋਈ ਪ੍ਰਤਿਨਿਧਤਾ ਨਹੀਂ ਕਰਦਾ । ਵਪਾਰਕ ਮਾਲ ਬਾਰੇ ਕਿਸੇ ਤਰ੍ਹਾਂ ਦੇ ਝਗੜੇ ਜਾਂ ਦਾਅਵੇ ਦਾ ਨਿਪਟਾਰਾ ਲਾਜ਼ਮੀ ਤੌਰ 'ਤੇ ਕਾਰਡ ਮੈਂਬਰ ਵੱਲੋਂ ਮਰਚੈਂਟ ਅਸਟੈਬਲਿਫ਼ਮੈਂਟ ਨਾਲ ਹੀ ਕੀਤਾ ਜਾਣਾ ਚਾਹੀਦਾ ਹੈ । ਦਾਅਵੇ ਜਾਂ ਝਗੜੇ ਦੀ ਮੌਜੂਦਗੀ ਕਾਰਡ ਮੈਂਬਰ ਨੂੰ ICICI ਬੈਂਕ ਨੂੰ ਸਾਰੇ ਖਰਚਿਆਂ ਦਾ ਭੁਗਤਾਨ ਕਰਨ ਦੀ ਉਸ ਦੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਕਰਦੀ ਅਤੇ ਕਾਰਡ ਮੈਂਬਰ ਤੁਰੰਤ ਅਜਿਹੇ ਖਰਚਿਆਂ ਦਾ ਭੁਗਤਾਨ ਕਰਨ ਲਈ ਸਹਿਮਤੀ ਜਤਾਉਂਦਾ ਹੈ ।

### XXII. ਕ੍ਰੈਡਿਟ ਟ੍ਰਾਂਜ਼ੈਕਸ਼ਨ

ਕਿਸੇ ਖਰੀਦ ਲਈ ਕੋਈ ਉਧਾਰ ਜਾਂ ਚੀਜ਼ਾਂ/ਸੇਵਾਵਾਂ ਨੂੰ ਰੱਦ ਕਰਨ ਲਈ ਕੋਈ ਪਰਿਣਾਮੀ ਉਧਾਰ ਦੋ ਵੱਖ-ਵੱਖ ਟ੍ਰਾਂਜ਼ੈਕਸ਼ਨਾਂ ਹਨ । ਕਾਰਡ ਮੈਂਬਰ ਲਾਜ਼ਮੀ ਰੂਪ ਵਿੱਚ ਖਰੀਦ ਦੀ ਟ੍ਰਾਂਜ਼ੈਕਸ਼ਨ ਲਈ ਉਸੇ ਤਰ੍ਹਾਂ ਭੁਗਤਾਨ ਕਰੇ ਜਿਵੇਂ ਕਿ ਸਟੇਟਮੈਂਟ ਵਿੱਚ ਦਰਸਾਇਆ ਗਿਆ ਹੋਵੇ ਤਾਂ ਕਿ ਕੋਈ ਵਾਧੂ ਖ਼ਰਚੇ ਪੈਣ ਤੋਂ ਬਚਿਆ ਜਾ ਸਕੇ । ਰੱਦ ਹੋਣ 'ਤੇ ਰੀਫ਼ੰਡ ਤੁਹਾਡੇ ਕਾਰਡ ਅਕਾਉਂਟ ਵਿੱਚ ਸਿਰਫ਼ ਉਦੋਂ ਹੀ ਜਮ੍ਹਾਂ ਕੀਤਾ ਜਾਵੇਗਾ (ਰੱਦ ਕਰਨ ਦੇ ਖਰਚੇ ਰੱਟ ਕੇ) ਜਦੋਂ ICICI ਬੈਂਕ ਨੂੰ ਇਹ ਮਿਲ ਜਾਵੇਗਾ । ਹਾਲਾਂਕਿ, ਕਾਰਡ ਮੈਂਬਰ ਵੱਲੋਂ ਕ੍ਰੈਡਿਟ ਖਰਚੇ ਦੀ ਪਰਚੀ ਸਫ਼ਲਤਾ ਪੂਰਵਕ ਜਮ੍ਹਾਂ ਕਰਾਉਣ 'ਤੇ, ਕ੍ਰੈਡਿਟ ਨੂੰ ਕਾਰਡ ਅਕਾਊਂਟ ਵਿੱਚ ਪਾ ਦਿੱਤਾ ਜਾਵੇਗਾ । ਜੇ ਕ੍ਰੈਡਿਟ ਇੱਕ ਮੁਨਾਸਬ ਸਮੇਂ ਦੇ ਅੰਦਰ ਅੰਦਰ ਕਾਰਡ ਅਕਾਊਂਟ ਵਿੱਚ ਜਮ੍ਹਾਂ ਨਹੀਂ ਕੀਤਾ ਜਾਂਦਾ, ਤਾਂ ਕਾਰਡ ਮੈਂਬਰ ICICI ਬੈਂਕ ਨੂੰ ਜ਼ਰੂਰ ਸੂਚਤ ਕਰੇ ।

### XXIII. ਵਿਦੇਸ਼ਾਂ ਵਿੱਚ ਕੀਤੇ ਗਏ ਖਰਚੇ

ਕਾਰਡ ਮੈਂਬਰ ਐਲਾਨ ਕਰਦਾ ਹੈ ਕਿ ਉਸਨੂੰ ਜਾਰੀ ਕੀਤਾ ਗਿਆ ਕ੍ਰੈਡਿਟ ਕਾਰਡ, ਜੇ ਵਿਦੇਸ਼ ਵਿੱਚ ਵਰਤਿਆ ਜਾਂਦਾ ਹੈ ਤਾਂ ਇਹ ਸਿਰਫ਼ ਸਬੰਧਤ ਐਕਸਚੇਂਜ ਨਿਯੰਤ੍ਰਣ ਦੇ ਨਿਯਮਾਂ ਅਨੁਸਾਰ ਹੀ ਵਰਤਿਆ ਜਾਵੇਗਾ, ਜੋ ਕਿ ਸਮੇਂ ਸਮੇਂ 'ਤੇ RBI ਵੱਲੋਂ ਜਾਰੀ ਕੀਤੇ ਅਤੇ ਸੋਧੇ ਜਾਂਦੇ ਹਨ । ਜੋ ਕਿਸੇ ਸੂਰਤ ਵਿੱਚ ਕਾਰਡ ਮੈਂਬਰ RBI ਦੀਆਂ ਐਕਸਚੇਂਜ ਨਿਯੰਤ੍ਰਣ ਦਿਸ਼ਾਂ-ਨਿਰਦੇਸ਼ਾਂ ਮੁਤਾਬਕ ਉਸਨੂੰ ਪ੍ਰਾਪਤ ਅਧਿਕਾਰਾਂ ਤੋਂ ਵੱਧ ਖਰਚਾ ਕਰ ਲੈਂਦਾ ਹੈ ਤਾਂ ਕਾਰਡ ਮੈਂਬਰ ਤੁਰੰਤ ਇਸ ਨੂੰ ਲਿਖਤੀ ਰੂਪ ਵਿੱਚ ICICI ਬੈਂਕ ਦੀ ਜਾਣਕਾਰੀ ਵਿੱਚ ਲਿਆਏਗਾ । ਜੇ ਅਜਿਹੀ ਸਥਿਤੀ ਵਿੱਚ ਪੈਣ ਵਾਲੇ ਕੋਈ ਖਰਚਿਆਂ ਜੋ ਕਿ RBI ਵੱਲੋਂ ਪਾਏ ਅਤੇ ਨਿਰਧਾਰਤ ਕੀਤੇ ਜਾਂਦੇ ਹਨ, ਦੀ ਪੁਸ਼ਟੀ ਕਰਨ ਲਈ ਪਾਸਪੋਰਟ ਦੀ ਲੋੜ ਪੈਂਦੀ ਹੈ, ਤਾਂ ਪਾਸਪੋਰਟ ਦੀ ਪੁਸ਼ਟੀ ਕਰਾਉਣ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਕਾਰਡ ਮੈਂਬਰ ਦੀ ਹੋਵੇਗੀ । ਕਾਰਡ ਮੈਂਬਰ ਵੱਲੋਂ RBI ਦੁਆਰਾ ਜਾਰੀ ਕੀਤੇ ਗਏ ਪ੍ਰਚਲਤ ਐਕਸਚੇਂਜ ਨਿਯੰਤ੍ਰਣ ਦਿਸ਼ਾ-ਦੀ ਪਾਲਣ ਕਰਨ ਵਿੱਚ ਕਿਸੇ ਤਰ੍ਹਾਂ ਅਸਫ਼ਲ ਰਹਿਣ 'ਤੇ, ਉਹ ਵਿਦੇਸ਼ੀ ਮੁਦਰਾ ਪ੍ਰਬੰਧਨ ਕਾਨੂੰਨ, 1999 (Foreign Exchange Management Act, 1999), ਜੋ ਕਿ ਸਮੇਂ-ਸਮੇਂ 'ਤੇ ਸੋਧਿਆ ਜਾਂਦਾ ਹੈ, ਤਹਿਤ ਜ਼ਿੰਮੇਵਾਰ ਹੋਵੇਗਾ, ਅਤੇ ICICI ਬੈਂਕ ਦੇ ਕਹਿਣ 'ਤੇ ਜਾਂ RBI ਦੁਆਰਾ ਉਸ ਦੀ ਕਾਰਡ ਦੀ ਸਹੂਲਤ 'ਤੇ ਪਾਬੰਧੀ ਲਗਾ ਦਿੱਤੀ

ਜਾਵੇਗੀ। ICICI ਬੈਂਕ ਨੂੰ ਕਾਰਡ ਮੈਂਬਰ ਦੇ ਵਧੇ ਹੋਏ ਅਧਿਕਾਰਾਂ ਪਤਾ ਲਗਾਣ 'ਤੇ ICICI ਬੈਂਕ ਦੀ RBI ਵੱਲੋਂ ਸਮੇਂ-ਸਮੇਂ 'ਤੇ ਨਿਰਧਾਰਤ ਕੀਤੇ ਜਾਂਦੇ ਦਿਸਸ਼ਾ-ਨਿਰਦਿਸ਼ਾਂ ਮੁਤਾਬਕ ਵਧੇ ਹੋਏ ਵਿਦੇਸ਼ੀ ਮੁਦਰਾ ਅਧਿਕਾਰਾਂ ਕਰਕੇ ਕਿਸੇ ਖਰਚੇ ਹੋ ਨਾਂਹ ਹੋ ਜਾਣ ਦੇ ਸਿੱਟੇ ਵਜੋਂ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਹੋਣੇ ਵਾਲੇ ਕਿਸੇ ਨੁਕਸਾਨ ਜਾਂ ਹਾਨੀ ਦੇ ਵਿਸ਼ੇ ਵਿੱਚ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਵਿਦੇਸ਼ੀ ਮੁਦਰਾ ਵਿੱਚ ਸਾਰੇ ਖਰਚੇ ਕਾਰਡ ਮੈਂਬਰ ਦੀ ਸਟੇਟਮੈਂਟ ਵਿੱਚ ਭਾਰਤੀ ਰੁਪਿਆਂ ਵਿੱਚ ਪਾਏ ਜਾਣਗੀ। ICICI ਬੈਂਕ ਵਿਦੇਸ਼ੀ ਮੁਦਰਾ ਵਿੱਚ ਪਏ ਖਰਚਿਆਂ ਨੂੰ ਇਸਦੇ ਬਰਾਬਰ ਭਾਰਤੀ ਰੁਪਿਆਂ ਵਿੱਚ ਅਜਿਹੀਆਂ ਦਰਾਂ 'ਤੇ ਬਦਲਣ ਦਾ ਰੱਕਦਾਰ ਹੋਵੇਗਾ, ਜੋ ਸਮੇਂ-ਸਮੇਂ 'ਤੇ ICICI ਬੈਂਕ ਮੌਜੂਦਾ ਦਰ ਵਜੋਂ ਤੈਅ ਦਰ ਵਜੋਂ ਤੈਅ ਕਰ ਸਕਦਾ ਹੈ।

**XXIV. ICICI ਬੈਂਕ ਕ੍ਰੈਡਿਟ ਕਾਰਡ ਇਨਾਮ**

**ਪਰਿਭਾਸ਼ਾਵਾਂ:**

''ਸਕੀਮਾ'' ਤੋਂ ਭਾਵ ICICI ਬੈਂਕ ਦੀ ਇਨਾਮ ਸਕੀਮ ਹੋਵੇਗਾ।

''ਕ੍ਰੈਡਿਟ ਕਾਰਡ ਰਿਵਾਰਡ ਪੁਆਇੰਟਸ'' ਤੋਂ ਭਾਵ ਸਕੀਮ ਤਹਿਤ ਪ੍ਰਦਾਨ ਕੀਤੇ ਗਏ ਪੁਆਇੰਟ ਹੋਵੇਗਾ।

''ਡੈਲੀਂਕੁਐਂਟ'' ਤੋਂ ਭਾਵ ਕੋਈ ਖਾਤਾ ਜਿਸ ਵਿੱਚ ਭੁਗਤਾਨ ਦੀ ਦਫ਼ਾ ਵਿੱਚ ਨਿਧਾਰਤ ਕੀਤੇ ਗਏ ਮੁਤਾਬਕ ਨਹੀਂ ਕੀਤਾ ਗਿਆ ਹੈ।

'' ਪ੍ਰਭਾਵਕ ਤਾਰੀਖ'' **(''Effective Date'')** ਤੋਂ ਭਾਵ ਉਹ ਤਾਰੀਖ ਹੋਵੇਗਾ ਜਿਸ ਤੋਂ ਸਕੀਮ ਸ਼ੁਰੂ ਹੁੰਦੀ ਹੈ, ਜਿਸ ਬਾਰੇ **ICICI** ਬੈਂਕ ਵੱਲੋਂ ਸਮੇਂ-ਸਮੇਂ 'ਤੇ ਸੂਚਤ ਕੀਤਾ ਜਾਵੇਗਾ।

''ਸਕੀਮ ਖ਼ਤਮ ਹੋਣ ਦੀ ਤਾਰੀਖ'' **(''Scheme Termination Date'')** ਤੋਂ ਭਾਵ ਉਹ ਤਾਰੀਖ ਹੈ ਜਦੋਂ ਸਕੀਮ ਖ਼ਤਮ ਹੁੰਦੀ ਹੈ, ਜਿਸ ਬਾਰੇ ICICI ਬੈਂਕ ਵੱਲੋਂ ਸਮੇਂ-ਸਮੇਂ 'ਤੇ ਸੂਚਤ ਕੀਤਾ ਜਾਵੇਗਾ।

''ਜਾਇਜ਼ ਖ਼ਰਚ'' **(''Valid Charge'')** ਤੋਂ ਭਾਵ ਹੈ ਕਾਰਡ ਮੈਂਬਰ 'ਤੇ ਕਾਰਡ ਉੱਪਰ ਚੀਜ਼ਾਂ ਜਾਂ ਸੇਵਾਵਾਂ ਦੀ ਖਰੀਦਦਾਰੀ ਲਈ ਲੱਗਿਆ ਖ਼ਰਚਾ ਅਤੇ ਕੋਈ ਹੋਰ ਖ਼ਰਚਾ ਜਿਸਨੂੰ ICICI ਬੈਂਕ ਵੱਲੋਂ ਸਮੇਂ-ਸਮੇਂ 'ਤੇ ਇਸ ਸਕੀਮ ਦੇ ਉਦੇਸ਼ ਲਈ ਸ਼ਾਮਲ ਕੀਤਾ ਜਾ ਸਕਦਾ ਹੈ।

ਸਕੀਮ ਪ੍ਰਭਾਵਕ ਤਾਰੀਖ ਤੋਂ ਲਾਗੂ ਹੋਵੇਗੀ ਅਤੇ ਪ੍ਰਭਾਵਕ ਤਾਰੀਖ ਨੂੰ ਅਤੇ ਇਸ ਤੋਂ ਬਾਅਦ ਸਿਰਫ਼ ਕਾਰਡ ਰੱਖਣ ਵਾਲੇ ਕਾਰਡ ਮੈਂਬਰਾਂ ਲਈ ਹੀ ਓਪਲਬਧ ਹੋਵੇਗੀ। ਸਕੀਮ ਦੀ ਪ੍ਰਭਾਵਕ ਤਾਰੀਖ ਨੂੰ ਡੈਲੀਕੁਐਂਟ ਅਕਾਊਂਟਾਂ ਵਾਲੇ ਕਾਰਡ ਮੈਂਬਰਾਂ ਲਈ ਜਾਂ ਫ਼ਲਸਰੂਪ ਕਿਸੇ ਵੀ ਅਜਿਹੇ ਕਾਰਡ ਅਕਾਊਂਟ ਜੋ ਸਕੀਮ ਦੀ ਮਿਆਦ ਦੇ ਦੌਰਾਨ ਬਕਾਏ ਦਾ ਦੋਸ਼ੀ ਬਣ ਜਾਂਦਾ ਹੈ, ਲਈ ਸਕੀਮ ਉਪਲਬਧ ਨਹੀਂ ਹੋਵੇਗੀ।

ਸਕੀਮ ਦੇ ਤਹਿਤ ICICI ਬੈਂਕ ਕਾਰਡ ਮੈਂਬਰ ਨੂੰ ਕਾਰਡ ਉੱਪਰ ਪਏ ਜਾਇਜ਼ ਖ਼ਰਚਿਆਂ ਲਈ ਰਿਹਾਰਡ ਪੁਆਇੰਟ ਪ੍ਰਦਾਨ ਕਰੇਗਾ। ICICI ਬੈਂਕ ਆਪਣੇ ਇੱਕਾਮਾਤਰ ਇਖਤਿਆਰ 'ਤੇ ਕਾਰਡ ਮੈਂਬਰ ਨੂੰ ਵਾਧੂ ਰਿਵਾਰਡ ਪੁਆਇੰਟ ਵੀ ਪ੍ਰਦਾਨ ਕਰੇਗਾ। ਕਾਰਡ ਮੈਂਬਰ ਵੱਲੋਂ ਕਮਾਏ ਗਏ ਰਿਵਾਰਡ ਪੁਆਇੰਟ ਕਾਰਡ ਮੈਂਬਰ ਦੀ ਮਹੀਨੇਵਾਰ ਸਟੇਟਮੈਂਟ ਵਿੱਚ ਦਰਸਾਏ ਜਾਣਗੇ। ਕਾਰਡ ਮੈਂਬਰ ਆਪਣੇ ਇਕੱਠੇ ਹੋਏ ਰਿਹਾਰਡ ਪੁਆਇੰਟਾਂ ਨੂੰ ਸਮੇਂ-ਸਮੇਂ 'ਤੇ ICICI ਬੈਂਕ ਵੱਲੋਂ ਪੁਆਇੰਟਾਂ ਨੂੰ ਵਸੂਲਣ ਦੀਆਂ ਪੇਸ਼ਕਸ਼ਾਂ ਦੇ ਲਈ ਵਰਤ ਸਕਦਾ ਹੈ। ਵਸੂਲਣ 'ਤੇ, ਇੰਝ ਵਸੂਲ ਕੀਤੇ ਕ੍ਰੈਡਿਟ ਕਾਰਡ ਰਿਵਾਰਡ ਪੁਆਇੰਟ ਆਪਣੇ ਆਪ ਹੀ ਕਾਰਡ ਅਕਾਊਂਟ ਵਿੱਚ ਇਕੱਠੇ ਹੋਏ ਕ੍ਰੈਡਿਟ ਕਾਰਡ ਰਿਵਾਰਡ ਪੁਆਇੰਟਾਂ ਵਿੱਚੋਂ ਘੱਟ ਜਾਣਗੇ। ਜੇ ਸਕੀਮ ਖ਼ਤਮ ਹੋਣ ਦੀ ਤਾਰੀਖ ਤੋਂ ਪਹਿਲਾਂ ਕਿਸੇ ਸਮੇਂ ਕਾਰਡ ਦੀ ਵਰਤੋਂ ਵਾਪਸ ਲੈ ਲਈ ਜਾਂਦੀ ਹੈ, ਜਾਂ ਰੱਦ ਕਰ ਦਿੱਤੀ ਜਾਂਦੀ ਹੈ, ਜਾਂ ਰੱਦ ਕੀਤੇ ਜਾਣ ਲਈ ਜ਼ਿੰਮੇਵਾਰ ਹੁੰਦੀ ਹੈ, ਜਾਂ ਕਾਰਡ ਅਕਾਊਂਟ ਨੂੰ ਇੱਕ ਡੈਲੀਂਕੁਐਂਟ ਅਕਾਊਂਟ ਵਜੋਂ ਦਰਜਾ ਦੇ ਦਿੱਤਾ ਜਾਂਦਾ ਹੈ, ਤਾਂ ਉਸ ਵੇਲੇ ਬਣੇ ਹੋਏ ਸਾਰੇ ਕ੍ਰੈਡਿਟ ਕਾਰਡ ਰਿਵਾਰਡ ਪੁਆਇੰਟ ਆਪਣੇ ਆਪ ਤੁਰੰਤ ਅਤੇ ਆਪ ਹੀ ਰੱਦ ਹੋ ਜਾਣਗੇ। ਇਹ ਰੱਦ ਹੋਏ ਕ੍ਰੈਡਿਟ ਕਾਰਡ ਰਿਵਾਰਡ ਪੁਆਇੰਟ ਉਦੋਂ ਵੀ ਕਾਰਡ ਅਕਾਉਂਟ ਵਿਚ ਜੋੜੇ ਨਹੀਂ ਜਾਣਗੇ ਜੇ ਮੈਂਬਰਸ਼ਿਪ ਬਹਾਲ ਕਰ ਦਿੱਤੀ ਜਾਦੀ ਹੈ। ਸਕੀਮ ਖਤਮ ਹੋਣ ਦੀ ਤਾਰੀਖ ਦੇ ਅੰਤ 'ਤੇ, ਕਾਰਡ ਮੈਂਬਰ ਦੇ ਜੁੜੇ ਹੋਏ ਕ੍ਰੈਡਿਟ ਕਾਰਡ ਰਿਵਾਰਡ ਪੁਆਇੰਟ, ਜਿਹਨਾਂ ਨੂੰ ICICI ਬੈਂਕ ਵੱਲੋਂ ਸਮੇਂ-ਸਮੇਂ 'ਤੇ ਨਿਯਤ ਕੀਤੇ ਗਏ ਨਿਰਧਾਰਤ ਸਮੇਂ ਦੇ ਅੰਦਰ-ਅੰਦਰ ਵਸੂਲ ਨਹੀਂ ਕੀਤਾ ਗਿਆ ਹੈ, ਆਪਣੇ ਆਪ ਹੀ ਖਤਮ ਹੋ

ਜਾਣਗੇ। ਕ੍ਰੈਡਿਟ ਕਾਰਡ ਰਿਵਾਰਡ ਪੁਆਇੰਟਾਂ **ਪੁਆਇੰਟ ਆਪਣੇ ਆਪ ਤੁਰੰਤ ਅਤੇ ਆਪ ਹੀ ਰੱਦ ਹੋ ਜਾਣਗੇ। ਇਹ ਰੱਦ ਹੋਏ ਕ੍ਰੈਡਿਟ ਕਾਰਡ ਰਿਵਾਰਡ ਪੁਆਇੰਟ ਉਦੋਂ ਵੀ ਕਾਰਡ ਅਕਾਊਂਟ ਵਿੱਚ ਜੋੜੇ ਨਹੀਂ ਜਾਣਗੇ ਜੇ ਮੈਂਬਰਸ਼ਿਪ ਬਹਾਰ ਕਰ ਦਿੱਤੀ ਜਾਦੀ ਹੈ।** ਸਕੀਮ ਖਤਮ ਖਤਮ ਹੋਣ ਦੀ ਤਾਰੀਖ ਦੇ ਅੰਤ 'ਤੇ, ਕਾਰਡ ਮੈਂਬਰ ਦੇ ਜੁੜੇ ਹੋਏ ਕ੍ਰੈਡਿਟ ਕਾਰਡ ਰਿਵਾਰਡ ਪੁਆਇੰਟ, ਜਿਹਨਾਂ ਨੂੰ ??? ਬੈਂਕ ਵੱਲੋਂ ਸਮੇਂ-ਸਮੇਂ 'ਤੇਂ ਨਿਯਮ ਕੀਤੇ ਗਏ ਨਿਰਧਾਰਤ ਸਮੇਂ ਦੇ ਅੰਦਰ-ਅੰਦਰ ਵਸੂਲ ਨਹੀਂ ਕੀਤਾ ਗਿਆ ਹੈ, ਆਪਣੇ ਆਪ ਹੀ ਖਤਮ ਹੋ ਜਾਣਗੇ। ਕ੍ਰੈਡਿਟ ਕਾਰਡ ਰਿਵਾਰਡ ਪੁਆਇੰਟਾਂ ਦਾ ਹਿਸਾਬ ਕਾਰਡ ਅੰਤਮ, ਪਰਿਣਾਮੀ ਅਤੇ ਪ੍ਰਤਿਬੰਧਤ ਹੋਵੇਗਾ ਅਤੇ ਕਿਸੇ ਤਰ੍ਹਾਂ ਦੇ ਵਾਦ-ਵਿਵਾਦ ਜਾਂ ਸਵਾਲ ਕੀਤੇ ਜਾਣ ਦੇ ਅਧੀਨ ਨਹੀਂ ਹੋਵੇਗਾ। ਸਰਕਾਰ ਜਾਂ ਕਿਸੇ ਹੋਰ ਅਥਾਰਿਟੀ ਜਾਂ ਅਦਾਰੇ ਜਾਂ ਕਿਸੇ ਸਹਿਭਾਗੀ ਮਰਚੈਂਟ ਐਸਟੈਬਲਿਸ਼ਮੈਂਟ ਨੂੰ ਅਦਾਇਗੀਯੋਗ ਕੋਈ ਟੇਕਸ ਜਾਂ ਹੋਰ ਜ਼ਿੰਮੇਵਾਰੀਆਂ ਜਾਂ ਖਰਚੇ, ਜੋ ਸ਼ਾਇਦ ਕਾਰਡ ਮੈਂਬਰ 'ਤੇ ਉਪਰੋਕਤ ਪੁਆਇੰਟਾਂ ਦੀ ਵਸੂਲੀ ਦੁਆਰਾ ਜਾਂ ਸਕੀਮ ਦੇ ਕਿਸੇ ਸਿੱਟੇ ਵਜੋਂ ਪੈ ਸਕਦੇ ਜਾਂ ਜੁੜ ਸਕਦੇ ਹਨ, ਉਹ ਕਾਰਡ ਮੈਂਬਰ ਦੇ ਇੱਕਮਾਤਰ ਖਾਤੇ ਵਿੱਚ ਹੀ ਜਾਣਗੇ। ਸਕੀਮ ਖਤਮ ਹੋਣ ਦੀ ਤਾਰੀਖ ਮਗਰੋਂ ਸਕੀਮ ਨੂੰ ਜਾਰੀ ਰੱਖਣ ਜਾਂ ਸਕੀਮ ਨੂੰ ਕਿਸੇ ਹੋਰ ਅਜਿਹੀ ਸਕੀਮ ਨਾਲ ਬਦਲਣ ਜਾਂ ਕਿਸੇ ਨਹੀਂ ਸਕੀਮ ਲਈ ਸਕੀਮ ਵਿੱਚ ਸ਼ਾਮਲ ਕਿਸੇ ਚੀਜ਼ ਨੂੰ ICICI ਬੈਂਕ ਜਾਂ ਕਿਸੇ ਸਹਿਭਾਗੀ ਮਰਚੈਂਟ ਐਸਟੈਬਲਿਸ਼ਮੈਂਟ 'ਤੇ ਇੱਕ ਲਾਜ਼ਮੀ ਜ਼ਿੰਮੇਵਾਰੀ ਵਜੋਂ ਨਹੀਂ ਸਮਝਿਆ ਜਾਵੇਗਾ।

ਸਕੀਮ ਵਿੱਚ ਭਾਗ ਲੈਣਾ ਸਵੈ-ਇੱਛੁਕ ਹੈ ਅਤੇ ਸਾਰੇ ਖ਼ਰਚਿਆਂ ਨੂੰ ਆਮ ਢੰਗ ਨਾਲ ਕਾਰਡ ਦੀ ਵਰਤੋਂ ਕਰਕੇ ਕਾਰਡ ਮੈਂਬਰ ਨੂੰ ਸਵੈ ਇੱਛਾ ਨਾਲ ਪਏ ਖਰਚੇ ਮੰਨਿਆ ਜਾਂਦਾ ਹੈ। ਕਾਰਡ ਮੈਂਬਰ ICICI ਬੈਂਕ ਨੂੰ ਉਹਨਾਂ ਕਾਰਜਾਂ, ਦਾਅਵਿਆਂ, ਮੰਗਾਂ, ਜ਼ਿੰਮੇਵਾਰੀਆਂ, ਹਾਨੀਆਂ, ਨੁਕਸਾਨਾਂ, ਖਰਚਿਆਂ ਜਾਂ ਲਾਗਤਾਂ ਲਈ ਜ਼ਿੰਮੇਵਾਰ ਨਹੀਂ ਠਹਿਰਾ ਸਕਦਾ ਜਿਹੜੇ ਕਿਸੇ ਕਾਰਡ ਮੈਂਬਰ 'ਤੇ ਕਾਰਡ ਦੀ ਵਰਤੋਂ ਕਰਨ ਦੇ ਆਮ ਵਿਹਾਰ ਵਿੱਚ ਪੈਂਦੇ ਹਨ। ਸਕੀਮ ਦੀਆਂ ਸ਼ਰਤਾਂ ਇਹਨਾਂ ਨਿਯਮਾਂ ਅਤੇ ਸ਼ਰਤਾਂ ਤੋ ਵਾਧੂ ਹੋਣਗੀਆਂ ਨਾ ਕਿ ਇਹਨਾ ਦੀ ਬੇਕਦਰੀ। ਰਿਵਾਰਡਜ਼ ਕਿਤਾਬਚੇ ਅਤੇ ਵਾਧੂ ਨਿਯਮਾਂ ਅਤੇ ਸ਼ਰਤਾਂ ਦੀ ਇੱਕ ਕਾਪੀ ਵਿੱਚ ਜ਼ਿਕਰ ਕੀਤੀਆਂ ਗਈਆਂ ਨਿਯਮਾਂ ਅਤੇ ਸ਼ਰਤਾਂ ਵੀ ਬੇਨਤੀ 'ਤੇ ਉਪਲਬਧ ਹੋਣਗੀਆਂ। ICICI ਬੈਂਕ ਸਪਸ਼ਟ ਰੂਪ ਵਿੱਚ ਕਾਰਡ ਮੈਂਬਰ ਨੂੰ ਪਹਿਲਾਂ ਕੋਈ ਨੋਟਿਸ ਦਿੱਤੇ ਬਿਨਾ ਅਤੇ ਕਿਸੇ ਵੀ ਸਮੇਂ ਸਕੀਮ ਵਿੱਚ ਜੋੜਨ ਅਤੇ/ਜਾਂ ਬਦਲਣ, ਸੁਧਾਰ ਕਰਨ, ਤਬਦੀਲੀ ਕਰਨ, ਪੂਰਾ ਜਾਂ ਅੰਸ਼ਰ ਰੂਪ ਵਿੱਚ ਬਦਲਣ, ਜਾਂ ਇਸਨੂੰ ਪੂਰੀ ਤਰ੍ਹਾਂ ਵਾਪਸ ਲੈ ਲੈਣ ਦਾ ਹੱਕ ਰਾਖਵਾਂ ਰੱਖਦਾ ਹੈ। ਸਕੀਮ ਦੇ ਜਾਂ ਇਸ ਮਾਮਲੇ ਨਾਲ ਸਬੰਧਤ ਕਿਸੇ ਹੋਰ ਢੰਗ, ਤੋਂ ਪੈਦਾ ਹੋਣ ਵਾਲੇ ਜਾਂ ਸਬੰਧ ਵਿੱਚ ਜਾਂ ਸਿੱਟੇ ਵਜੋਂ ਕੋਈ ਵੀ ਝਗੜੇ, ਜੇ ਕੋਈ ਤਾਂ, ਸਿਰਫ਼ ਮੁੰਬਈ ਵਿੱਚ ਸਮਰੱਥ ਅਦਾਲਤਾਂ/ਟ੍ਰਿਬਿਊਨਲਾਂ ਦੇ ਵਿਸ਼ੇਸ਼ ਨਿਆਂ ਅਧਿਕਾਰ ਦੇ ਅਧੀਨ ਹੋਣਗੇ।

## XXV. ਸਪਸ਼ਟੀਕਰਨ

ਕਾਰਡ ਮੈਂਬਰ ਉਸ ਦੀ ਅਰਜ਼ੀ ਨਾਲ ਸਬੰਧਤ ਸਾਰੀ ਜਾਣਕਾਰੀ, ਡਾਟਾ ਜਾਂ ਦਸਤਾਵੇਜ਼ ਹੋਰਨਾ ICICI ਸਮੂਹ ਕੰਪਨੀਆਂ/ਬੈਂਕਾਂ/ਵਿਤੀ ਸੰਸਥਾਵਾਂ/ਕ੍ਰੈਡਿਟ ਬਿਊਰੋਜ਼/ਏਜੰਸੀਆਂ/ਰੈਗੂਲੇਟਰੀ ਆਧਿਕਾਰੀਆਂ/ਕਾਨੂੰਨੀ ਅਦਾਰਿਆਂ/ਟੈਕਸ ਅਧਿਕਾਰੀਆਂ/ਸੈਂਟਰਲ ਇਨਫ਼ਾਰਮੇਸ਼ਨ ਬਿਊਰੋਜ਼/ਅਜਿਹੇ ਹੋਰ ਵਿਅਕਤੀਆਂ, ਨੂੰ ਲੈਣ-ਦੇਣ, ਸਾਂਝੇ ਕਰਨ ਜਾਂ ਅੱਡ ਕਰਨ ਲਈ ICICI ਬੈਂਕ, ਇਸ ਦੀਆਂ ਸਮੂਹ ਕੰਪਨੀਆਂ ਨੂੰ ਜ਼ਿੰਮੇਵਾਰੀ ਅਤੇ ਅਧਿਕਾਰ ਦਿੰਦਾ ਹੈ, ਜਿਹਨਾਂ ਨੂੰ ICICI ਬੈਂਕ/ਇਸ ਦੀਆਂ ਸਮੂਹ ਕੰਪਨੀਆਂ ਸ਼ਾਇਦ ਲੋੜੀਂਦਾ ਜਾਂ ਢੁੱਕਵਾਂ ਸਮਝਣ ਜਿਵੇਂ ਕਿ ਕਥਿਤ ਜਾਣਕਾਰੀ/ਡਾਟਾ ਦੀ ਵਰਤੋਂ ਜਾਂ ਕਾਰਵਾਈ ਲਈ ਅਜਿਹੇ ਵਿਅਕਤੀ/ਵਿਅਕਤੀਆਂ ਦੁਆਰਾ ਲੋੜ ਹੋ ਸਕਦੀ ਹੈ ਜਾਂ ਹੋਰਨਾਂ ਬੈਂਕਾਂ/ਵਿੱਤੀ ਸੰਸਥਾਵਾਂ/ਕ੍ਰੈਡਿਟ ਪ੍ਰਦਾਤਿਆਂ/ਅਜਿਹੇ ਵਿਅਕਤੀਆਂ ਨਾਲ ਰਜਿਸਟਰ ਹੋਏ ਪ੍ਰਯੋਗਕਰਤਿਆਂ ਨੂੰ ਅਮਲ ਵਿੱਚ ਲਿਆਂਦੀ ਜਾਣਕਾਰੀ/ਡਾਟਾ/ਉਤਪਾਦ ਮੁਹੱਈਆ ਕਰਾਉਣ ਲਈ ਲੋੜੀਂਦਾ ਹੋਵੇਗਾ ਅਤੇ ਉਹ ICICI ਬੈਂਕ/ਇਸਦੀਆਂ ਸਮੂਹ ਕੰਪਨੀਆਂ ਨੂੰ ਇਸ ਜਾਣਕਾਰੀ ਦੀ ਵਰਤੋਂ ਲਈ ਜ਼ਿੰਮੇਵਾਰ ਨਹੀਂ ਠਹਿਰਾਏਗਾ।

ਜੇ ਕਾਰਡ ਮੈਂਬਰ ਕਿਸੇ ਵਿੱਤੀ ਸਹਾਇਤਾ/ਸਹੂਲਤਾਂ/ਕ੍ਰੈਡਿਟ ਸਹੂਲਤ ਦੀ ਮੁੱਖਰਾਸ਼ੀ ਜਾਂ ਇਸ 'ਤੇ ਬਕਾਏ ਵਿਆਜ/ਖ਼ਰਚਿਆਂ ਦਾ ਭੁਗਤਾਨ ਜਾਂ ਮੁੜ ਭੁਗਤਾਨ ਕਰਨ ਵਿੱਚ ਕੋਈ ਗਬਨ ਰਕਦਾ ਹੈ, ਤਾਂ ICICI ਬੈਂਕ ਅਤੇ/ਜਾਂ RBI ਕੋਲ ਗਬਨ ਦੇ ਵੇਰਵੇ ਅਤੇ ਕਾਰਡ ਮੈਂਬਰ/ਜਾਂ ਇਸਦੇ ਡਾਇਰੈਕਟਰਾਂ/ਭਾਈਵਾਲਾਂ/ਸਪਲੀਮੈਂਟਰੀ ਕਾਰਡਹੋਲਡਰਾਂ ਦੇ ਨਾਮ ਅਜਿਹੇ ਢੰਗ ਨਾਲ ਅਤੇ ਅਜਿਹੇ ਮਾਧਿਅਮ ਰਾਹੀਂ ਪ੍ਰਗਟਾਉਣ ਜਾਂ ਪ੍ਰਕਾਸ਼ਤ ਕਰਨ ਦਾ ਇੱਕ ਸੰਪੂਰਨ ਅਧਿਕਾਰ ਹੋਵੇਗਾ ਜੋ ICICI ਬੈਂਕ ਜਾਂ ICICI ਬੈਂਕ ਨੂੰ ਆਪਣੇ ਮੁਕੰਮਲ ਇਖਤਿਆਰ ਵਿੱਚ ਠੀਕ ਜਾਪੇ। ICICI ਬੈਂਕ ਕਾਰਡ ਮੈਂਬਰ ਦੇ ਕ੍ਰੈਡਿਟ ਪਿਛੋਕੜ/ਮੁੜ ਭੁਗਤਾਨ ਰਿਕਾਰਡ ਅਤੇ/ਜਾਂ ਬਕਾਇਆ ਭੁਗਤਾਨ ਦੇ ਲੰਘ ਚੁੱਕੇ ਦਿਨਾਂ ਦੀ ਸਥਿਤੀ ਕ੍ਰੈਡਿਟ ਇਨਫ਼ਾਰਮੇਸ਼ਨ ਕੰਪਨੀਜ਼ (ਰੈਗੂਲੇਸ਼ਨ) ਐਕਟ (Credit Information Companies (Regulation) Act, 2005 ਦੇ ਸਬੰਧ ਵਿੱਚ ਕਿਸੇ ਕ੍ਰੈਡਿਟ ਇਨਫ਼ਾਰਮੇਸ਼ਨ ਬਿਊਰੋ (RBI ਵੱਲੋਂ ਵਿਸ਼ੇਸ਼ ਅਧਿਕਾਰ ਪ੍ਰਾਪਤ ਨੂੰ ਸਟੇਟਮੈਂਟਾਂ ਰਾਹੀਂ ਜ਼ਾਹਰ ਕਰੇਗਾ।

ਕਿਸੇ ਕ੍ਰੈਡਿਟ ਕਾਰਡ ਲਈ ਇੱਕ ਅਰਜ਼ੀ ਦੀ ਪ੍ਰਵਾਨਗੀ ਦਾ ਅਧਾਰ ਕਾਰਡ ਮੈਂਬਰ ਦੀ ਕ੍ਰੈਡਿਟ ਯੋਗਤਾ ਦੀਆਂ ਕੋਈ ਉਲਟ ਰਿਪੋਰਟਾਂ ਨਾ ਹੋਣਾ ਹੁੰਦਾ ਹੈ। ICICI ਬੈਂਕ ਕਾਰਡ ਅਕਾਊਂਟ ਵਿੱਚ ਕਿਸੇ ਤਰ੍ਹਾਂ ਦੀਆਂ ਗਲਤੀਆਂ ਜਾਂ ਕਾਰਡ ਰਾਹੀਂ ਜਾਂ ਓਦਾਂ ਕਾਰਡ ਮੈਂਬਰ ਦੀ ਕ੍ਰੈਡਿਟ ਸਹੂਲਤ ਵਾਪਸ ਲਏ ਜਾਣ ਬਾਰੇ ਹੋਰਨਾਂ ਬੈਂਕਾਂ ਜਾਂ ਵਿੱਤੀ ਸੰਸਥਾਵਾਂ ਨੂੰ ਕਰ ਸਕਦਾ ਹੈ। ਉਲਟ ਰਿਪੋਰਟਾ (ਕਾਰਡ ਮੈਂਬਰ ਜਾਂ ਉਸਦੇ ਪਰਿਵਾਰਕ ਜੀਆਂ ਦੀ ਕ੍ਰੈਡਿਟ ਯੋਗਤਾ ਦੇ ਸਬੰਧ ਵਿੱਚ) ਦੀ ਪ੍ਰਾਪਤੀ ਦੇ ਅਧਾਰ 'ਤੇ, ICICI ਬੈਂਕ, ਲਿਖਤ ਰੂਪ ਵਿੱਚ ਪਹਿਲਾਂ ਨੋਟਿਸ ਦੇਣ ਦੇ 15 ਦਿਨਾਂ ਮਗਰੋਂ, ਕ੍ਰੈਡਿਟ ਕਾਰਡ ਨੂੰ ਰੱਦ ਕਰ ਸਕਦਾ ਹੈ, ਜਿਸ 'ਤੇ ਕਾਰਡ ਅਕਾਊਂਟ ਵਿੱਚ ਖੜ੍ਹਾ ਸਾਰਾ ਬਕਾਇਆ ਅਤੇ ਨਾਲ ਹੀ ਕਾਰਡ ਦੀ ਵਰਤੋਂ ਨਾਲ ਪਏ ਕੋਈ ਹੋਰ ਖ਼ਰਚੇ, ਜਿਹਨਾਂ ਨੂੰ ਭਾਵੇਂ ਕਾਰਡ ਅਕਾਊਂਟ ਦੇ ਬਿਲ ਵਿੱਚ ਅਜੇ ਨਾ ਜੋੜਿਆ ਗਿਆ ਹੋਵੇ, ਤੁਰੰਤ ਕਾਰਡ ਮੈਂਬਰ ਦੁਆਰਾ ਅਦਾਇਗੀਯੋਗ ਹੋ ਜਾਣਗੇ। ICICI ਬੈਂਕ ਕਾਰਡ ਮੈਂਬਰ ਨੂੰ ਬੈਂਕ ਜਾਂ ਵਿੱਤੀ ਸੰਸਥਾ ਦਾ ਨਾਮ ਜ਼ਾਹਰ ਕਰਨ ਲਈ ਜ਼ਿੰਮੇਵਾਰ ਨਹੀਂ ਹੋਵੇਗਾ, ਜਿਮ ਤੋਂ ਇਸਨੂੰ ਜ਼ਾਹਰ ਕੀਤੀ ਹੋਈ ਜਾਣਕਾਰੀ ਮਿਲੀ ਜਾਂ ਜਿਸਨੂੰ ਇਸ ਨੇ ਜਾਣਕਾਰੀ ਦਿੱਤੀ

**XXVI. ਕਰਜ਼ਾ ਸਪੁਰਦਗੀ**

ICICI ਬੈਂਕ ਨੂੰ ਪੂਰੀ ਤਰ੍ਹਾਂ ਜਾਂ ਅੰਸ਼ਕ ਰੂਪ ਵਿੱਚ, ਕ੍ਰੈਡਿਟ ਕਾਰਡ ਦੇ ਬਕਾਏ ਅਤੇ ਦੇਣਦਾਰੀਆਂ ਆਪਣੀ ਪਸੰਦ ਦੀ ਕਿਸੇ ਤੀਜੀ ਧਿਰ ਨੂੰ ਕਾਰਡ ਮੈਂਬਰ ਨੂੰ ਬਿਨਾ ਕੋਈ ਹਵਾਲਾ ਜਾਂ ਸੂਚਨਾ ਦਿੱਤੇ ਹੋਏ ਕਿਸੇ ਵੀ ਢੰਗ ਨਾਲ ਤਬਦੀਲ ਕਰਨ, ਸੌਂਪਣ ਜਾਂ ਵੇਚਣ ਦਾ ਅਧਿਕਾਰ ਹੈ। ਕਿਸੇ ਵੀ ਅਜਿਹੀ ਵਿਕਰੀ, ਸਪੁਰਦਗੀ ਜਾਂ ਤਬਾਦਲੇ ਦੇ ਬਾਵਜੂਦ, ICICI ਬੈਂਕ ਨੂੰ ਪੂਰੀ ਤਰ੍ਹਾਂ ਕਾਰਡ ਮੈਂਬਰ ਦੇ ਵਿਰੁੱਧ ਕਾਰਵਾਈ ਕਰਨ ਦਾ ਅਧਿਕਾਰ ਹੋਵੇਗਾ। ਕਾਰਡ ਮੈਂਬਰ ਅਜਿਹੀ ਕਿਸੇ ਸਪੁਰਦਗੀ, ਵਿਕਰੀ ਜਾਂ ਤਬਾਦਲੇ ਦੇ ਸਾਰੇ ਖਰਚਿਆਂ ਅਤੇ ਲਾਗਤਾਂ ਲਈ ਅਤੇ ਬਕਾਇਆਂ ਅਤੇ ਦੇਣਯੋਗ ਰਾਸ਼ੀ ਦੀ ਵਸੂਲੀ ਲਈ ਜ਼ਿੰਮੇਵਾਰ ਹੋਵੇਗਾ।

**XXVII. ਫੁਟਕਲ**

ICICI ਬੈਂਕ ਉਹਨਾਂ ਕਾਰਡ ਮੈਂਬਰਾਂ ਨੂੰ, ਜਿਹਨਾਂ ਦੇ ਖਾਤੇ ICICI ਬੈਂਕ ਦੇ ਉਧਾਰ ਨੇਮਾਂ ਮੁਤਾਬਕ ਚੰਗੀ ਹੈਸੀਅਤ ਵਿੱਚ ਸੰਭਾਲੇ ਗਏ ਹਨ, ਕੁਝ ਸਹੂਲਤਾਂ, ਮੈਂਬਰੀਆਂ ਅਤੇ ਸੇਵਾਵਾਂ ਅਜਿਹੀ ਫ਼ੀਸ ਅਤੇ ਅਜਿਹੀਆਂ ਸ਼ਰਤਾਂ ਜੋ ਇਸਨੂੰ ਢੁੱਕਵੀਆਂ ਜਾਪਣ, 'ਤੇ ਪੇਸ਼ਕਸ਼ ਕਰਨ ਦਾ ਹੱਕ ਰਾਖਵਾਂ ਰੱਖਦਾ ਹੈ। ICICI ਬੈਂਕ ਫ਼ੀਸ ਤੋਂ ਛੋਟ ਦੇਣ ਜਾਂ ਘੱਟ ਕਰਨ ਅਤੇ ਪਹਿਲਾਂ ਕੋਈ ਨੋਟਿਸ ਦਿੱਤ ਬਿਨਾ ਅਤੇ ਕਾਰਡ ਮੈਂਬਰ ਪ੍ਰਤੀ ਕਿਸੇ ਜ਼ਿੰਮੇਵਾਰੀ ਤੋਂ ਬਿਨਾ, ਕਿਸੇ ਵੀ ਸਮੇਂ ਅਜਿਹੇ ਲਾਭ ਨੂੰ ਵਾਪਸ ਲੈ ਲੈਣ ਦਾ ਹੱਕ ਰਾਖਵਾਂ ਰੱਖਦਾ ਹੈ। ਇਹਨਾ ਨਿਯਮਾਂ ਅਤੇ ਸ਼ਰਤਾਂ ਦੀ ਕਿਸੇ ਉਲੰਘਣਾ ਦੇ ਕਾਰਨ, ਮੈਂਬਰਸ਼ਿਪ ਦੇ ਕਿਸੇ ਵੀ ਖਾਤਮੇ ਦੇ ਸਿੱਟੇ ਵਜੋਂ, ਅਜਿਹੀਆਂ ਸਹੂਲਤਾਂ ਅਤੇ ਸੇਵਾਵਾਂ ਆਪਣੇ ਆਪ ਹੀ ਖਤਮ ਹੋ ਜਾਣਗੀਆਂ। ICICI ਬੈਂਕ, ਕਿਸੇ ਵੀ ਢੰਗ ਨਾਲ, ਅਜਿਹੀਆਂ ਸਹੂਲਤਾਂ, ਮੈਂਬਰੀਆਂ ਜਾਂ ਸੇਵਾਵਾਂ ਜਾਂ ਇਸ ਦੀ ਨਾ-ਕਾਰਗੁਜ਼ਾਰੀ, ਭਾਵੇਂ ICICI ਬੈਂਕ ਵੱਲੋਂ ਹੋਵੇ ਜਾਂ ਕਿਸੇ ਮਰਚੈਂਟ ਐਸਟੈਬਲਿਸ਼ਮੈਂਟ ਜਾਂ ਕਿਸੇ ਹੋਰ ਤੀਜੀ ਧਿਰ ਵੱਲੋਂ ਹੋਵੇ, ਦੀ ਕਾਰਵਾਈ ਕਰਨ ਦੀ ਕਾਰਗੁਜ਼ਾਰੀ ਵਿੱਚ ਨੁਕਸ ਜਾਂ ਉਲੰਘਣਾ ਦੇ ਮਾਮਲੇ ਵਿੱਚ, ਕਾਰਡ ਮੈਂਬਰ ਪ੍ਰਤੀ ਜ਼ਿੰਮੇਵਾਰ ਨਹੀਂ ਹੋਵੇਗਾ।

ICICI ਬੈਂਕ ਕਾਰਡ ਮੈਂਬਰ ਵੱਲੋਂ ਉਸ ਅਰਜ਼ੀ 'ਤੇ ਸਰਵੇਖਣਾਂ ਦੌਰਾਨ ਦਿੱਤੀ ਗਈ ਜਾਣਕਾਰੀ, ਬਾਹਰੀ ਸ੍ਰੋਤਾਂ ਤੋਂ ਜਾਣਕਾਰੀ, ICICI ਬੈਂਕ/ ਐਫ਼ੀਲੀਏਟਸ ਵੱਲੋਂ ਕੀਤੀਆਂ ਜਾਂਦੀਆਂ ਮੰਡੀਕਰਨ ਗਤੀਵਿਧੀਆਂ ਲਈ, ਖਪਤਕਾਰ ਰਿਪੋਰਟਾਂ, ਸਮੇਤ, ਦੀ ਵਰਤੋਂ ਕਰਨ ਦਾ ਅਧਿਕਾਰ ਰਾਖਵਾਂ ਰਖਦਾ ਹੈ। ICICI ਬੈਂਕ ਇਸ ਜਾਣਕਾਰੀ ਦੀ ਵਰਤੋਂ ਡਾਕ ਸੂਚੀਆਂ ਵਿਕਸਤ ਕਰਨ ਲਏ ਕਰ ਸਕਦਾ ਹੈ ਜਿਹਨਾਂ ਦੀ ਵਰਤੋਂ ਸ਼ਾਇਦ ਉਹਨਾਂ ਕੰਪਨੀਆਂ ਵੱਲੋਂ ਕੀਤੀ ਜਾ ਸਕਦੀ ਹੈ ਜਿਹਨਾਂ ਨਾਂਲ ICICI ਬੈਂਕ ਕਾਰਡ ਮੈਂਬਰਾਂ ਲਈ ਮੰਡੀਕਰਣ ਪੇਸ਼ਕਸ਼ ਵਿਕਸਤ ਕਰਨ ਵਾਸਤੇ ਕੰਮ ਕਰੇਗਾ।

ICICI ਬੈਂਕ ਨੀਤੀਆਂ, ਵਿਸ਼ੇਸ਼ਤਾਵਾਂ ਅਤੇ ਸਮੇਂ-ਸਮੇਂ 'ਤੇ ਕਾਰਡ ਉੱਪਰ ਪੇਸ਼ ਕੀਤੇ ਗਏ ਲਾਭਾਂ ਵਿੱਚ ਸੁਧਾਈ ਕਰ ਸਕਦਾ ਹੈ, ਅਤੇ ਕਾਰਡ ਮੈਂਬਰ ਨੂੰ ਕਿਸੇ ਵੀ ਅਜਿਹੀਆਂ ਸੁਧਾਈਆਂ/ਤਬਦੀਲੀਆਂ ਬਾਰੇ ਕਿਸੇ ਵੀ ਅਜਿਹੇ ਢੰਗ ਨਾਲ ਸੂਚਤ ਕਰ ਸਕਦਾ ਹੈ ਜੋ ਇਸਨੂੰ ਢੁੱਕਵੇਂ ਜਾਪਣ। ਕਾਰਡ ਮੈਂਬਰ ਲਈ ਅਜਿਹੀਆਂ ਸੁਧਾਈਆਂ/ਤਸਦੀਲੀਆਂ ਰਾਹੀਂ ਉਦੋਂ ਤੱਕ ਬੰਨ੍ਹਿਆਂ ਹੋਵੇਗਾ, ਜਦੋਂ ਤੱਕ ICICI ਬੈਂਕ ਨੂੰ ਉਸ ਤਾਰੀਖ ਤੋਂ ਪਹਿਲਾਂ ਜਿਸ ਦਿਨ ਸੁਧਾਈਆਂ/ਤਬਦੀਲੀਆਂ ਕੀਤੀਆਂ ਜਾਂਦੀਆਂ ਹਨ, ਰੱਦ ਕਰਨ ਲਈ ਕਾਰਡ ਵਾਪਸ ਨਾ ਕਰ ਦਿੱਤਾ ਜਾਵੇ।

ਕਾਰਡ ਮੈਂਬਰ ਦੇ ਕਾਰਡ ਅਕਾਉਂਟ ਵਿੱਚ ਦਰਜ ਕੀਤੀਆਂ ਗਈਆਂ ਸਾਰੀਆਂ ਟ੍ਰਾਂਜ਼ੈਕਸ਼ਨਾਂ ਦੇ ਵੇਰਵੇ ਕਾਰਡ ਮੈਂਬਰ ਅਤੇ/ਜਾਂ ਉਸਦੇ ਪਰਿਵਾਰ ਦੇ ਜੀਆਂ ਵੱਲੋਂ ਕ੍ਰੈਡਿਟ ਲਈ ਹੋਰ ਅਰਜ਼ੀਆਂ ਦਾ ਮੁਲਾਂਕਣ ਕਰਨ, ਅਤੇ ਧੋਖਾਧੜੀ ਨੂੰ ਹੋਕਣ ਦੇ ਉਦੇਸ਼ਾਂ ਲਈ ਕ੍ਰੈਡਿਟ ਰੈਫਰੈਂਸ ਏਜੰਸੀਆਂ, ਸ਼ਾਹੂਕਾਰਾਂ ਅਤੇ/ਜਾਂ ਹੋਰਨਾਂ ਏਜੰਸੀਆਂ ਨਾਲ ਸਾਂਝੇ ਕੀਤੇ ਜਾ ਸਕਦੇ ਹਨ। ਰਲਾ ਦੇਣ ਦੇ ਆਮ ਅਧਿਕਾਰ ਜਾਂ ਕਾਨੂੰਨ ਜਾਂ ਕਿਸੇ ਹੋਰ ਸਮਝੌਤੇ ਤਹਿਤ ਦਿੱਤੇ ਗਏ ਹੋਰ ਅਧਿਕਾਰ ਤੋਂ ਇਲਾਵਾ, ICICI ਬੈਂਕ, ਬਿਨਾ ਨੋਟਿਸ ਦਿੱਤੇ, ਕਾਰਡ ਅਕਾਊਂਟ ਉੱਪਰ ਖੜ੍ਹੇ ਬਕਾਏ ਨੂੰ ਕਿਸੇ ਹੋਰ

ਅਜਿਹੇ ਅਕਾਉਂਟ (ਅਕਾਉਂਟਾਂ) ਨਾਲ ਰਲਾ ਜਾਂ ਮਿਲਾ ਸਕਦਾਹੈ, ਜੋ ਕਾਰਡ ਮੈਂਬਰ ਦਾ ICICI ਬੈਂਕ ਅਤੇ ਇਸ ਦੀਆਂ ਸਮੂਹ ਕੰਪਨੀਆਂ ਨਾਲ ਹੋਵੇ, ਅਤੇ ਅਜਿਹੇ ਹੋਰ (ਅਕਾਊਂਟਾਂ) ਵਿੱਧ ਉੱਧਾਰ ਖੜ੍ਹੇ ਪੈਸੇ ਨੂੰ ਕਾਰਡ ਮੈਂਬਰ ਦੀ ਆਪਣੇ ਕਾਰਡ ਅਕਾਊਂਟ ਤਹਿਤ ICICI ਬੈਂਕ ਪ੍ਰਤੀ ਜ਼ਿੰਮੇਵਾਰੀ ਦੀ ਸੰਤੁਸ਼ਟੀ ਲਈ ਜਾਂ ਵਾਸਤੇ ਰਲਾ ਸਕਦਾ ਹੈ ਜਾਂ ਤਬਦੀਲ ਕਰ ਸਕਦਾ ਹੈ।

ਕਾਰਡ ਮੈਂਬਰ ਕਾਰਡ ਲਈ ਐਪਲੀਕੇਸ਼ਨ ਫ਼ਾਰਮ ਵਿੱਚ ਦੱਸੇ ਗਏ ਆਪਣੇ ਨਾਮ, ਪਤੇ, ਸੰਪਰਕ ਨੰਬਰ ਅਤੇ ਸੰਪਰਕ ਕਰਨ ਲਈ ਈ–ਮੇਲ ਆਈਡੀ ਵਿੱਚ ਕਿਸੇ ਤਰ੍ਹਾਂ ਦੀ ਤਬਦੀਲੀ ਬਾਰੇ ਤੁਰੰਤ ICICI ਬੈਂਕ ਨੂੰ ਸੂਚਤ ਕਰੇਗਾ। ਜੇ ਪਤੇ ਵਿੱਓ ਅਜਿਹੀ ਤਬਦੀਲੀ ICICI ਬੈਂਕ ਦੇ ਧਿਆਨ ਵਿੱਚ ਆਉਂਦੀ ਹੈ ਤਾਂ ਆਪਣੇ ਰਿਕਾਰਡਾਂ ਵਿੱਚ ਕਾਰਡ ਮੈਂਬਰ ਦਾ ਪਤਾ ਬਦਲਣ ਦਾ ਅਧਿਕਾਰ ICICI ਬੈਂਕ ਕੋਲ ਰਾਖਵਾ ਹੈ। ਇਹ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਕਾਰਡ ਮੈਂਬਰ ਦੀ ਹੋਵੇਗੀ ਕਿ ICICI ਬੈਂਕ ਨੂੰ ਚਿੱਠੀ–ਪੱਤਰ ਵਾਸਤੇ ਸਹੀ ਪਤੇ ਬਾਰੇ ਸੂਚਤ ਕੀਤਾ ਜਾਵੇ, ਅਤੇ ICICI ਬੈਂਕ ਕਿਸੇ ਗਲਤ ਪਤੇ ਦੇ ਸਿੱਟੇ ਵਜੋਂ ਕਾਰਡ ਮੈਂਬਰ ਨੂੰ ਕਿਸੇ ਹੋਣ ਵਾਲੇ ਕਿਸੇ ਨੁਕਸਾਨ ਜਾਂ ਉਸ 'ਤੇ ਪੈਣ ਵਾਲੀ ਜ਼ਿੰਮੇਵਾਰੀ ਦੇ ਮਾਮਲੇ ਵਿੱਚ ਆਪਣੀ ਜ਼ਿੰਮੇਵਾਰੀ ਦਾ ਦਾਅਵਾ ਅਸਵੀਕਾਰ ਕਰਦਾ ਹੈ।

ਕਾਰਡ ਮੈਂਬਰ ਅਜਿਹੀਆਂ ਸਾਰੀਆਂ ਨਿਯਮਾਂ ਅਤੇ ਸ਼ਰਤਾਂ ਦੀ ਪਾਲਣਾ ਕਰੇਗਾ ਜੇ ICICI ਬੈਂਕ ਅਤੇ ਇਸ ਦੇ ਐਫ਼ੀਲੀਏਟ ਕਾਰਡ ਮੈਂਬਰ ਦੁਆਰਾ ਲਾਭ ਉਠਾਈਆਂ ਜਾਂਦੀਆਂ ਸਹੂਲਤਾਂ/ਸੇਵਾਵਾਂ ਲਈ ਸ਼ਾਇਦ ਸਮੇਂ–ਸਮੇਂ 'ਤੇ ਨਿਰਧਾਰਕ ਕਰ ਸਕਦੇ ਹਨ। ਇੰਟਰਨੇਟ, ਵਰਲਡ ਵਾਈਡ ਵੈੱਬ, ਇਲੈਕਟ੍ਰੋਨਿਕ ਡਾਟਾ ਇੰਟਰਚੇਂਜ, ਕਾਲ ਸੈਂਟਰਾਂ, ਟੈਲੀਸਰਵਿਸ ਆਪਰੇਸ਼ਨਾਂ (ਭਾਵੇ ਇਸਦੇ ਵੁਆਇਸ, ਵਿਡੀਓ, ਡਾਟਾ ਜਾਂ ਇਹਨਾਂ ਦਾ ਸੁਮੇਲ ਹੋਣ) ਜੋ ICICI ਬੈਂਕ ਅਤੇ ਇਸ ਦੇ ਐਫ਼ੀਲੀਏਟਸ ਵੱਲੋਂ ਜਾਂ ਵਾਸਤੇ, ਅਜਿਹੀਆਂ, ਪੇਸ਼ ਕੀਤੀਆਂ ਜਾਂਦੀਆਂ ਸਹੂਲਤਾਂ/ਸੇਵਾਵਾਂ ਦੇ ਵਿਸੇ ਵਿੱਚ ਅਤੇ ਲਏ ਸਥਪਤ ਕੀਤੀਆਂ ਗਈਆਂ ਹਨ, ਜਾਂ ਇਲੈਕ੍ਰੋਨਿਕ, ਕੰਪਿਊਟਰ, ਆਟੋਮੇਟੀਡ ਟੈਲਰ ਮਸ਼ੀਨਾਂ ਦੇ ਨੈੱਟਵਰਕ ਜਾਂ ਟੈਲੀਕਮਿਊਨਿਕੇਸ਼ਨ ਦੇ ਹੋਰਨਾ ਸਾਧਨਾਂ ਰਾਹੀਂ, ਸਮੇਤ ਰਿਮੋਟ ਟ੍ਰਾਂਜ਼ੈਕਸ਼ਨਾਂ ਕਰਨ ਲਈ ਸਹੂਲਤਾਂ ਦੁਆਰਾ ਜਾਂ ਰਾਹੀ ਪ੍ਰਭਾਵਕ ਹੋਈਆਂ ਅਜਿਹੀਆਂ ਸਾਰੀਆਂ ਟ੍ਰਾਂਜ਼ੈਕਸ਼ਨਾਂ, ਨੂੰ ਜਦੋਂ ਅਜਿਹੀਆਂ ਸਹੂਲਤਾਂ/ਸੇਵਾਵਾਂ, ਜੋ ਸਮੇਂ 'ਤੇ ਨਿਰਧਾਰਤ ਕੀਤੀਆਂ ਜਾ ਸਕਦੀਆਂ ਹਨ, ਲਈ ICICI ਬੈਂਕ ਜਾਂ ਇਸਦੇ ਐਫ਼ੀਲੀਏਹੇਟਸ ਵੱਲੋਂ ਨਿਰਧਾਰਤ ਕੀਤੇ ਨਿਯਮਾਂ ਅਤੇ ਸ਼ਰਤਾਂ ਦੇ ਅਨੁਰੂਪ ਕੀਤਾ ਜਾਵੇਗਾ ਤਾਂ ਇਹ ਕਾਨੂੰਨੀ ਤੌਰ 'ਤੇ ਲਾਜ਼ਮੀ ਅਤੇ ਹੈਧ ਹੋਣਗੀਆਂ।

**XXVIII. ਰਲਾਉਣਾ**

(i) ICICI ਬੈਂਕ ਅਤੇ ਇਸ ਦੀਆਂ ਸਮੂਹ ਕੰਪਨੀਆਂ ਨੂੰ, ਕਿਸੇ ਹੋਰ ਪੁਨਰ–ਗ੍ਰਹਿਣ ਜਾਂ ਖਰਚੇ ਦੀ ਪਰਵਾਰ ਕੀਤੇ ਬਿਨਾ, ICICI ਬੈਂਕ ਅਤੇ/ ਜਾਂ ਇਸਦੀਆਂ ਸਮੂਹ ਕੰਪਨੀਆਂ ਨਾਲ ਕਾਰਡ ਮੈਂਬਰ ਦੇ ਕਿਸੇ ਹੋਰ ਖਾਤੇ (ਖਾਤਿਆਂ) ਵਿੱਚ, ਮੌਜੂਦਾ ਅਤੇ ਨਾਲ ਹੀ ਭਵਿੱਖਤ, ਭਾਵੇਂ ਇੱਕ ਨਾਮ 'ਤੇ ਹੋਣ ਜਾਂ ਸਾਂਝੇ ਨਾਂ (ਨਾਂਵਾਂ) 'ਤੇ ਪਏ/ਬਕਾਏ ਕਿਸੇ ਵੀ ਕਿਸਮ ਦੇ ਡਿਪਾਜ਼ਿਟਾਂ (ਫ਼ਿਕਸਡ ਡਿਪਾਜ਼ਿਟਾਂ ਸਮੇਤ) 'ਤੇ, ਅਤੇ ਕੋਈ ਵੀ ਪੈਸੇ, ਸਿਕਿਓਰਟੀਆਂ, ਬਾਂਡਜ਼ ਅਤੇ ICICI ਬੈਂਕ ਅਤੇ/ਜਾਂ ਇਸ ਦੀਆਂ ਸਮੂਹ ਕੰਪਨੀਆਂ (ਸਿਕਿਓਰਟੀ ਦੇ ਢੰਗ ਦੁਆਰਾ ਜਾਂ ਉਂਝ ਕਿਸੇ ਸਮਰੱਥਾ ਵਿੱਚ ਕਾਰਡ ਮੈਂਬਰ ਦੁਆਰਾ ਕਿਸੇ ਇਕਰਾਰਨਾਮੇ ਵਿੱਚ ਕੀਤੀ ਗਈ ਸ਼ਮੂਲੀਅਤ/ਕੀਤੀ ਜਾਣ ਵਾਲੀ ਸ਼ਮੂਲੀਅਤ ਦੇ ਅਨੁਰੂਪ) ਦੇ ਹੋਰ ਸਾਰੇ ਅਸਾਸੇ, ਦਸਤਾਵੇਜ਼ ਅਤੇ ਜਾਇਦਾਦਾਂ ਨੂੰ, ਕਾਰਡ ਮੈਂਬਰ ਦੀ ਉਸਦੇ ਕਾਰਡ ਅਕਾਊਂਟ ਤਹਿਤ ਜ਼ਿਮੇਵਾਰੀ ਦੀ ਸੰਤੁਸ਼ਟੀ ਪ੍ਰਤੀ ਰਲਾਉਣ ਅਤੇ ਪੁਨਰ–ਗ੍ਰਹਿਣ ਕਰਨ ਦਾ ਸਰਵੋਤਮ ਅਧਿਕਾਰ ਹੋਵੇਗਾ। ICICI ਬੈਂਕ ਅਤੇ/ਜਾਂ ਇਸਦੀਆਂ ਸਮੂਹ ਕੰਪਨੀਆਂ ਨੂੰ ਕਾਰਡ ਮੈਂਬਰ ਨੂੰ ਕੋਈ ਨੋਟਿਸ ਦਿੱਤੇ ਬਿਨਾ, ਕਾਰਡ ਮੈਂਬਰ ਦੀ ICICI ਬੈਂਕ ਅਤੇ/ਜਾਂ ਇਸ ਦੀਆਂ ਸਮੂਹ ਕੰਪਨੀਆਂ (ਭਾਵੇਂ ਅਸਲ ਜਾਂ ਸਬੱਬੀ ਹੋਣ, ਜਾਂ ਪ੍ਰਾਇਮਰੀ ਜਾਂ ਸਮਰਥਕ, ਜਾਂ ਭਾਵੇਂ ਮਾਂਝੀਆਂ ਅਤੇ/ਜਾਂ ਇਕੱਲੀਆਂ ਹੋਣ) ਜਾਂ ਕਿਸੇ ਹੋਰ ਦਸਤਾਵੇਜ਼/ਸਮਝੌਤੇ ਤਹਿਤ, ਕੌਈ ਡਿਪਾਜ਼ਿਟ (ਡਿਪਾਜ਼ਿਟਾਂ) ਅਤੇ/ਜਾਂ ਕਾਰਡ ਮੈਂਬਰ ਦੇ ICICI ਬੈਂਕ ਅਤੇ/ਜਾਂ ਇਸਦੀਆਂ ਸਮੂਹ ਕੰਪਨੀਆਂ ਨਾਲ ਕਿਸੇ ਖਾਤੇ (ਖਾਤਿਆਂ) ਦੇ ਵਿੱਚ ਪਈਲਾਂ ਰਕਮਾਂ ਨੂੰ ਵਿਵਸਥਤ ਕਰਕੇ, ਰਲਾ ਕੇ, ਬਾਵਜੂਦ ਇਸ ਦੇ ਕਿ ਅਜਿਹੇ ਖਾਤੇ (ਖਾਤਿਆਂ)ਵਿੱਚ ਪਏ ਡਿਪਾਜ਼ਿਟ (ਡਿਪਾਜ਼ਿਟਾਂ)/ਬਕਾਇਆਂ ਨੂੰ ਸ਼ਾਇਦ ਅਜਿਹੀ ਕਰਜ਼ਦਾਰੀ ਵਾਲੀ ਹੀ ਮੁਦਰਾ ਵਿੱਚ ਨਾ ਦਿਖਾਇਆ ਗਿਆ ਹੋਵੇ, ਕਿਸੇ ਤਰ੍ਹਾਂ ਦੀ ਕਰਜ਼ਦਾਰੀ ਦਾ ਨਿਪਟਾਰਾ ਕਰਨ ਦਾ ਅਧਿਕਾਰ ਹੈ। ICICI ਬੈਂਕ ਦੇ ਅਤੇ ਇਸ ਦੀਆਂ ਕੰਪਨੀਆਂ ਦੇ ਇਥੇ ਦਿੱਤੇ ਗਏ ਅਧਿਕਾਰ ਕਾਰਡ ਮੈਂਬਰ ਦੇ ਦਿਵਾਲੀਏ ਹੋਣ, ਮੌਤ ਹੋਣ ਜਾਂ ਕਾਰੋਬਾਰ ਠੱਪ ਹੋ ਜਾਣ ਦੁਆਰਾ ਪ੍ਰਭਾਵਤ ਨਹੀਂ ਹੋਣਗੇ। ਅਜਿਹੇ ਕਿਸੇ ਵੀ ਸਾਂਝੇ ਅਕਾਊਂਟ ਰੱਖਣ ਵਾਲੇ ਵਿਅਕਤੀ ਨਾਲ ਸਾਰੇ ਝਗੜਿਆਂ/ਇਤਰਾਜ਼ਾ ਦਾ ਨਿਪਟਾਰਾ ਕਰਨ ਦੀ ਇੱਕਮਾਤਰ ਜ਼ਿੰਮੇਵਾਰ ਕਾਰਡ ਮੈਂਬਰ ਦੀ ਹੀ ਹੋਵੇਗਾ।

(ii) ਉੱਪਰ ਦੱਸੇ ਗਏ ਅਧਿਕਾਰ ਜਾਂ ਕਿਸੇ ਹੋਰ ਅਧਿਕਾਰ ਤੋਂ ਇਲਾਵਾ ਜਿਸਦਾ ਹੱਕਦਾਰ ICICI ਬੈਂਕ ਅਤੇ ਇਸਦੀਆਂ ਸਮੂਹ ਕੰਪਨੀਆਂ ਕਿਸੇ ਵੀ ਸਮੇਂ ਕਨੂੰਨ, ਇਕਰਾਰਨਾਮੇ ਦੇ ਲਾਗੂ ਹੋਣ ਕਰਕੇ ਜਾਂ ਉਂਝ ਹੋ ਸਕਦੀਆਂ ਹਨ, ICICI ਬੈਂਕ ਨੂੰ ਇਹ ਅਧਿਕਾਰ ਹੋਣਗੇ: (a) ਕਾਰਡ ਮੈਂਬਰ ਦੇ ਸਾਰੇ ਜਾਂ ਕਿਸੇ ਵੀ ਖਾਤੇ ਅਤੇ ਜ਼ਿੰਮੇਵਾਰੀਆਂ ਨੂੰ ਕਿਸੇ ਵੀ ਸਮੇਂ ICICI ਬੈਂਕ ਅਤੇ/ਜਾਂ ਇਸਦੀਆਂ ਸਮੂਹ ਕੰਪਨੀਆਂ ਨਾਲ ਜੋੜਨਾ

ਜਾਂ ਸੰਚਤ ਕਰਨ; (b) ICICI ਕੋਲ ਪਈਲਾਂ ਕਾਰਡ ਮੈਂਬਰਾਂ ਦੀਆਂ ਕੋਈ ਵੀ ਸਿਕਿਓਰਟੀਆਂ ਜਾਂ ਜਾਇਦਾਦਾਂ ਨੂੰ ਸਰਕਾਰੀ ਜਾਂ ਨਿੱਜੀ ਵਿਕਰੀ ਰਾਹੀਂ ਜਾਂ ਉੱਝ ਇਸਦੀ ਕਿਸੇ ਨਿਆਇਕ ਕਾਰਵਾਈ ਕਰਨੀ ਪੈਣ ਬਿਨਾ ਵੇਚਣਾ ਜਾਂ ਉਹਨਾਂ ਦਾ ਨਿਪਟਾਰਾ ਕਰਨਾ ਅਤੇ ਉੱਥੇ ਪ੍ਰਾਪਤ ਹੋਈ ਆਮਦਨ ਤੋਂ ICICI ਬੈਂਕ ਅਤੇ/ਜਾਂ ਇਸ ਦੀਆਂ ਸਮੂਹ ਕੰਪਨੀਆਂ ਵੱਲ ਕਾਰਡ ਮੈਂਬਰ ਦੇ ਖੜ੍ਹੇ ਕੁੱਲ ਬਕਾਇਆਂ ਦੀ ਵਸੂਲੀ/ਆਪਣੇ ਅਧਿਕਾਰ ਵਿੱਚ ਕਰਨਾ, ਅਜਿਹੀ ਵਿਕਰੀ ਜਾਂ ਨਿਪਟਾਰੇ ਦੇ ਸੰਬਧ ਵਿੱਚ ਲਾਗਤਾਂ ਅਤੇ ਖਰਚਿਆਂ ਸਮੇਤ; ਅਤੇ (c) ਕਿਸੇ ਹੋਰ ਮੁਦਰਾ ਨੂੰ ਰਲਾਉਣ ਦੇ ਮਾਮਲੇ ਵਿੱਚ, ICICI ਬੈਂਕ ਅਤੇ/ਜਾਂ ਇਸ ਦੀਆਂ ਸਮੂਹ ਕੰਪਨੀਆਂ ਵੱਲੋਂ ਆਪਣੇ ਇੱਕਮਾਤਰ ਇਖਤਿਆਰ 'ਤੇ ਨਿਰਧਾਰਤ ਕੀਤੀ ਗਈ ਦਰ 'ਤੇ ਇੱਕ ਮੁਦਰਾ ਤੋਂ ਦੂਜੀ ਮੁਦਰਾ ਵਿੱਚ ਕਿਸੇ ਜ਼ਿੰਮੇਵਾਰੀ ਨੂੰ ਬਦਲਣਾ।

**XXIX. iASSURE ਸੇਵਾ**

''iAssure ਸੇਵਾ'' ਸਬਸਕ੍ਰਿਪਸ਼ਨ ਅਧਾਰਤ ਸੇਵਾ ਹੈ ਜਿਸ ਵਿੱਚ ICICI ਬੈਂਕ ਵੱਲੋਂ ਕਾਰਡ ਮੈਂਬਰਾਂ ਦੀ ਚੋਣ ਕਰਨ ਲਈ, ਉਹਨਾਂ ਨੂੰ ਕੁਝ ਪਹਿਲਾਂ ਤੋਂ ਨਿਰਧਾਰਤ ਸੰਭਾਵਨਾਵਾਂ, ਜਿਹਨਾਂ ਬਾਰੇ ICICI ਬੈਂਕ ਵੱਲੋਂ ਕਾਰਡ ਮੈਂਬਰ ਨੂੰ ਸੂਚਤ ਕੀਤਾ ਜਾ ਸਕਦਾ ਹੈ, ਵਿੱਚ ਕਾਰਡ ਦੇ ਬਿਲ ਵਿੱਓ ਲਗਾਈ ਗਈ ਰਾਸ਼ੀ ਦਾ ਭੁਗਤਾਨ ਕਰਨ ਲਈ, ਭੁਗਤਾਨ ਦੀ ਦੇਣਯੋਗ ਤਾਰੀਖ ਤੋਂ 75 (ਪਚੱਤਰ) ਦਿਨਾਂ ਦੀ ਇੱਕ ਵਿਆਜ ਮੁਕਤ ਵਧਾਈ ਹੋਈ ਕ੍ਰੈਡਿਟ ਮਿਆਦ ਦਾ ਵਿਕਲਪ ਦਿੰਦੇ ਹੋਏ, ਇਕ ਭੁਗਤਾਨ ਛੁੱਟੀ ਦੀ ਪੇਸ਼ਕਸ਼ ਕੀਤੀ ਜਾਂਦੀ ਹੈ।

''iassure ਸਬਸਕ੍ਰਿਪਸ਼ਨ-ਕਿੱਟ'' ਤੋਂ ਭਾਵ ਹੈ ਕਾਰਡ ਮੈਂਬਰ ਵੱਲੋਂ iAssure ਸੇਵਾ ਵਿੱਚ ਦਾਖਲ ਹੋ ਜਾਣ ਮਗਰੋਂ ਕਾਰਡ ਨੂੰ ਸਾਰੇ ਸਬੰਧਤ ਵੇਰਵੇ ਮੁਹੱਈਆ ਕਰਾਉਂਦੇ ਹੋਏ ਭੇਜੀ ਗਏ ਸੂਚਨਾ।

ICICI ਬੈਂਕ ਉਹਨਾਂ ਕਾਰਡ ਮੈਂਬਰਾਂ ਨੂੰ, ਜਿਹਨਾਂ ਦੇ ਖਾਤੇ ICICI ਬੈਂਕ ਦੇ ਕਰਜ਼ ਮਾਪਦੰਡਾਂ ਦੇ ਮੁਤਾਬਕ ਚੰਗੀ ਸਥਿਤੀ ਵਿੱਚ ਸੰਭਾਲੇ ਗਏ ਹਨ, ਆਪਣੇ ਇੱਕਮਾਤਰ ਇਖਤਿਆਰ 'ਤੇ, ਵਿੱਤੀ ਔਕੜਾ ਦੇ ਸਮੇਂ ਵਿੱਚ, iAssure ਸਬਸਕ੍ਰਿਪਸ਼ਨ ਕਿੱਟ ਵਿੱਚ ਨਿਰਧਾਰਤ ਕੀਤੀਆਂ ਜਾ ਸਕਣ ਵਾਲੀਆਂ ਕੁਝ ਘਟਨਾਵਾਂ ਦੇ ਵਾਪਰਨ 'ਤੇ, ਕੁਝ ਸਹੂਲਤਾਂ ਦੀ ਪੇਸ਼ਕਸ਼ ਕਰਨ ਦਾ ਅਧਿਕਾਰ ਹੈ।

ICICI ਬੈਂਕ ਉਹਨਾਂ ਕਾਰਡ ਮੈਂਬਰਾਂ, ਜਿਹਨਾਂ ਨੂੰ iAssure ਸੇਵਾ ਪ੍ਰਦਾਨ ਕੀਤੀ ਜਾ ਰਹੀ ਹੈ, ਕਾਰਡ ਮੈਂਬਰ ਦੇ ਬਿਲਿੰਗ ਪਤੇ 'ਤੇ ਭੇਜੀ ਗਈ ਸੂਚਨਾ ਰਾਹੀਂ ਜਾਂ ਕਾਰਡ ਮੈਂਬਰ ਨੂੰ ਰਜਿਸਟਰਡ ਫ਼ੋਨ ਕਰਕੇ ਜਾਂ ਸ਼ਾਇਦ ICICI ਬੈਂਕ ਵੱਲੋਂ ਢੁੱਕਵੇਂ ਜਾਣ ਵਾਲੇ ਕਿਸੇ ਹੋਰ ਤਰੀਕੇ ਰਾਹੀਂ ਨੂੰ ਸੂਚਤ ਕਰੇਗਾ iAssure ਸੇਵਾ ਦਾ ਲਾਭ ਉਠਾਉਣ ਲਈ ਇਸ ਬਾਰੇ ਭੇਜੇ ਜਾਣ 'ਤੇ, ਕਾਰਡ ਮੈਂਬਰ ਲਈ ICICI ਬੈਂਕ ਨਾਲ ਅਜਿਹੇ ਢੰਗ ਨਾਲ ਰਜਿਸਟਰ ਕਰਕੇ ਦਾਖਲ ਲੈਣਾ ਜ਼ਰੂਰੀ ਹੋਵੇਗਾ ਜੋ ਸ਼ਾਇਦ ਕਾਰਡ ਮੈਂਬਰ ਨੂੰ ਸੂਚਤ ਕੀਤਾ ਜਾ ਸਕਦਾ ਹੈ। ਦਾਖਲੇ 'ਤੇ ਕਾਰਡ ਮੈਂਬਰ ਦੇ ਬਿਲਿੰਗ ਪਤੇ 'ਤੇ ਇਕ iAssure ਸਬਸਕ੍ਰਿਪਸ਼ਨ ਕਿਟ ਭੇਜੀ ਜਾਵੇਗੀ। ਜੇ ਕਾਰਡ ਮੈਂਬਰ ਨੂੰ ਦਾਖਲੇ ਦੀ ਮਿਤੀ ਤੋਂ 20 (ਵੀਹ) ਦਿਨਾਂ ਦੇ ਅੰਦਰ iAssure ਸਬਸਕ੍ਰਿਪਸ਼ਨ ਕਿੱਟ ਨਹੀਂ ਮਿਲਦੀ, ਤਾਂ ਕਾਰਡ ਮੈਂਬਰ ਲਈ ICICI ਬੈਂਕ 24-ਘੰਟੇ ਕਸਟਮਰ ਕੇਅਰ ਸੈਂਟਰ ਨੂੰ ਸੂਚਤ ਕਰਨਾ ਜ਼ਰੂਰੀ ਹੋਵੇਗਾ, ਅਜਿਹਾ ਨਾ ਕੀਤੇ ਜਾਣ 'ਤੇ iAssure ਸੇਵਾ ਦੀ ਸਬਸਕ੍ਰਿਪਸ਼ਨ ਖ਼ਤਮ ਹੋ ਜਾਵੇਗੀ।

iAssure ਸੇਵਾ ਤਹਿਤ ਭੁਗਤਾਨ ਛੁੱਟੀ ਨੂੰ ਐਕਟੀਵੇਟ ਕਰਨ ਲਈ ਕਾਰਡ ਮੈਂਬਰ ਵਾਸਤੇ ICICI ਬੈਂਕ ੨੪-ਘੰਟੇ ਕਸਟਮਰ ਕੇਅਰ ਸੈਂਟਰ ਨੂੰ ਦੱਸੀਆਂ ਗਈਆਂ ਘਟਨਾਵਾਂ ਦੇ ਵਾਪਰਨ ਦੇ 30 ਦਿਨਾਂ ਦੇ ਅੰਦਰ-ਅੰਦਰ ਸੂਚਤ ਕਰਨਾ ਪਏਗਾ ਬਸ਼ਰਤੇ ਕਾਰਡ ਅਕਾਊਂਟ ਕੋਈ ਡੈਲੀਕੁਐਂਟ ਅਕਾਊਂਟ ਨਾ ਬਣ ਗਿਆ ਹੋਵੇ ਅਤੇ ਅਜਿਹੀ ਐਕਟੀਵੇਸ਼ਨ ਲਈ ਬੇਨਤੀ ਕਰਦੇ ਸਮੇਂ ਕੋਈ ਭੁਗਤਾਨ ਵਿੱਚ ਕੋਈ ਹੋਰ ਉਕਾਈ ਨਾ ਵਾਪਰੀ ਹੋਵੇ। ਕਾਰਡ ਮੈਂਬਰ ਸਿਰਫ਼ ਪੂਰੀ ਤਰ੍ਹਾਂ ਭੁਗਤਾਨ ਕੀਤੀ ਸਬਸਕ੍ਰਿਪਸ਼ਨ ਦੇ ਲਗਾਤਾਰ ਤਿੰਨ ਮਹੀਨਿ ਪੂਰੇ ਹੋਣ ਮਗਰੋਂ ਅਤੇ ਨਿਰਧਾਰਤ ਕੀਤੀਆਂ ਘਟਨਾਵਾਂ ਵਿੱਚੋਂ ਕਿਸੇ ਘਟਨਾ ਦੇ ਵਾਪਰਨ ''ਤੇ ਹੀ iAssure ਤਹਿਤ ਭੁਗਤਾਨ ਛੁੱਟੀ ਦਾ ਲਾਭ ਉਠਾਉਣ ਦਾ ਹੱਕਦਾਰ ਹੋਵੇਗਾ, ਅਜਿਹੀ ਰਾਸ਼ੀ ਅਤੇ ਅਜਿਹੀਆਂ ਘਟਨਾਵਾਂ ਸ਼ਾਇਦ ਕਾਰਡ ਮੈਂਬਰ ਨੂੰ iAssure ਸਬਸਕ੍ਰਿਪਸ਼ਨ ਕਿੱਟ ਵਿੱਚ ਸੂਚਤ ਕੀਤੀਆਂ ਜਾ ਸਕਦੀਆਂ ਹਨ। ਅਜਿਹੀ ਮਿਆਦ ਨਵੇਂ ਕਾਰਡ ਮੈਂਬਰਾਂ ਦੇ ਮਾਮਲੇ ਵਿੱਚ ਛੇ ਮਹੀਨਿ ਹੋਵੇਗੀ। iAssure ਸੇਵਾ ਦਾ ਲਾਭ ਇੱਕ ਸਮੇਂ ਵਿੱਚ ਨਿਰਧਾਰਤ ਕੀਤੀਆਂ ਘਟਨਾਵਾਂ ਵਿੱਚੋਂ ਕਿਸੇ ਇੱਕ ਦੇ ਸਬੰਧ ਵਿੱਚ ਹੀ ਉਠਾਇਆ ਜਾ ਸਕਦਾ ਹੈ।

ਕਾਰਡ ਮੈਂਬਰ ਕਿਸੇ ਨਿਰਧਾਰਤ ਕੀਤੀ ਗਈ ਘਟਨਾ ਦੇ ਵਾਪਰਨ ਦੀਤਾਰੀਖ ਨੂੰ ਬਣਦੀ ਕੁੱਲ ਬਕਾਇਆ ਰਾਸ਼ੀ, ਜਿਸ ਦੇ ਲਈ ਕਾਰਡ ਮੈਂਬਰ iAssure ਸੇਵਾ ਤਹਿਤ ਭੁਗਤਾਨ ਛੁੱਟੀ ਐਕਟੀਵੇਟ ਕਰ ਰਿਹਾ ਹੈ, ਦੇ ਸਿਰਫ਼ 50,000 ਰੁਪਏ ਤੱਕ ਦੀ ਵੱਧ ਤੋਂ ਵੱਧ ਰਾਸ਼ੀ ਲਈ ਹੀ iAssure ਸੇਵਾ ਦਾ ਲਾਭ ਉਠਾਉਣ ਲਈ ਯੋਗ ਹੋਵੇਗਾ। ਹਾਲਾਂਕਿ, ਕਾਰਡ ਮੈਂਬਰ ਵੱਲੋਂ ਘਟਨਾ ਦੀ ਤਾਰੀਖ ਅਤੇ iAssure ਸੇਵਾ ਦੇ ਐਕਟੀਵੇਸ਼ਨ ਦੀ ਬੇਨਤੀ ਦੀ ਤਾਰੀਖ ਦੇ ਦੌਰਾਨ (ਦੋਵੇਂ ਦਿਨ ਵਿੱਚ ਸ਼ਾਮਲ ਹਨ) ਕੀਤੇ ਗਏ ਵਾਧੂ ਖ਼ਰਚੇ iAssure ਸੇਵਾ ਤਹਿਤ

ਭੁਗਤਾਨ ਛੁੱਟੀ ਦੇ ਐਕਟੀਵੇਟ ਹੋ ਜਾਣ ਤੋਂ ਪਹਿਲਾਂ ਹੀ ਤੁਰੰਤ ਭੁਗਤਾਨ ਕਰਨ ਯੋਗ ਹੋਣਗੇ ।

ਦਾਖਲੇ ਤੋਂ ਬਾਅਦ, ਕਾਰਡ ਮੈਂਬਰ ਨੂੰ iAssure ਸੇਵਾ ਵਾਸਤੇ ਫ਼ੀਸ ਲਈ ਇੱਕ ਮਹੀਨੇਵਾਰ ਅਧਾਰ 'ਤੇ ਬਿੱਲ ਭੇਜਿਆ ਜਾਵੇਗਾ, ਜੋ ਸਟੇਟਮੈਂਟ ਵਿੱਚ ਸੂਚਤ ਕੀਤਾ ਜਾਵੈਗਾ । ਕਾਰਡ ਮੈਂਬਰ ਸਬਸਕ੍ਰਿਪਸ਼ਨ ਦੀ ਮਿਆਦ ਦੇ ਦੌਰਾਨ ਕਿਸੇ ਵੀ ਸਮੇਂ ICICI ਬੈਂਕ 24-ਘੰਟੇ ਕਸਟਮਰ ਕੇਅਰ ਸੈਂਟਰ ਨੂੰ ਫ਼ੋਨ ਕਰਕੇ ਸਬਸਕ੍ਰਿਪਸ਼ਨ ਰੱਦ ਕਰਨ ਲਈ ਫ਼ੈਸਲਾ ਕਰ ਸਕਦ ਹੈ । ਹਾਲਾਂਕਿ, ਸਬਸਕ੍ਰਿਪਸ਼ਨ ਨੂੰ ਰੱਦ ਕਰਨ ਅਤੇ ਫ਼ੀਸ ਨੂੰ ਹੋਕਣ ਦੀ ਕਾਰਵਾਈ ਮੌਜੂਦਾ ਜਾਂ ਅਗਲੇ ਮਹੀਨੇ, ਜੋ ਵੀ ਜਲਦੀ ਆਵੇ, ਦੀ 15 ਤਾਰੀਖ ਨੂੰ ਤਿਆਰ ਕੀਤੀ ਗਈ ਸਟੇਟਮੈਂਟ ਵਿੱਚ ਪ੍ਰਭਾਵਕ ਹੋਵੇਗੀ । iAssure ਸੇਵਾ ਦੀ ਐਕਟੀਵੇਸ਼ਨ ਲਈ ਕਾਰਡ ਮੈਂਬਰ ਨੂੰ ਜੋ ਦਸਤਾਵੇਜ ਜਮ੍ਹਾ ਕਰਾਉਣ ਦੀ ਲੋੜ ਹੋਵੇਗੀ, ਉਹ iAssure ਸੇਵਾ ਸਬਸਕ੍ਰਿਪਸ਼ਨ ਕਿੱਟ ਵਿੱਚ ਸੂਚਤ ਕੀਤਾ ਜਾਵੇਗਾ iAssure ਸੇਵਾ ਦੇ ਐਕਟੀਵੇਟ ਹੋਣ 'ਤੇ, ਕਾਰਡ/ਕਾਰਡ ਅਕਾਊਂਟ ਦੀ ਵਰਤੋਂ ਉਸ ਸਮੇਂ ਤੱਕ ਪ੍ਰਤੀਬੰਧਿਤ ਹੋਵੇਗੀ ਜਦੋਂ ਤੱਕ ਪ੍ਰਤੀਬੰਧਿਤ ਹੋਵੇਗੀ ਜਦੋਂ ਉਸ ਰਾਸ਼ੀ ਦਾ ਮੁੜ ਭੁਗਤਾਨ ਨਹੀਂ ਕਰ ਦਿੱਤਾ ਜਾਂਦਾ, ਜਿਸਦੇ ਲਈ iAssure ਸੇਵਾ ਨੂੰ ਵਧਾਇਆ ਗਿਆ ਹੈ ।

iAssure ਸੇਵਾ ਦੇ ਵਿਸਤਾਰ ਦੀ ਮਿਆਦ ਪੁੱਗਣ 'ਤੇ, ਕਾਰਡ ਮੈਂਬਰ ਲਈ ਤੁਰੰਤ ਬਾਕੀ ਦੀ ਬਕਾਇਆ ਰਾਸ਼ੀ ਦਾ ਭੁਗਤਾਨ ਕਰਨਾ ਜ਼ਰੂਰੀ ਹੋਵੇਗਾ । ਜੇ ਕਿਸੇ ਸੂਰਤ ਵਿੱਚ ਕਾਰਡ ਮੈਂਬਰ ਅਜਿਹਾ ਕਰਨ ਵਿੱਚ ਅਸਫ਼ਲ ਰਹਿੰਦਾ ਹੈ, ਤਾਂ ਅਜਿਹੀ iAssure ਸੇਵਾ ਦੀ ਪੂਰੀ ਮਿਆਦ ਲਈ ਬਕਾਇਆ ਰਾਸ਼ੀ 'ਤੇ ਵਿਆਜ ਲਗਾਇਆ ਜਾਵੇਗਾ ।

ICICI ਬੈਂਕ, ਆਪਣੇ ਇੱਕਮਾਤਰ ਇਖਤਿਆਰ 'ਤੇ, ਸਬਸਕ੍ਰਿਪਸ਼ਨ ਜਾਰੀ ਰੱਖਣ ਵਾਸਤੇ ਫ਼ੀਸ ਨੂੰ ਮੁੜ ਤੈਅ ਕਰਨ ਦਾ ਫ਼ੈਸਲਾ ਕਰ ਸਕਦਾ ਹੈ, ਜਾਂ ਕਾਰਡ ਮੈਂਬਰ ਨੂੰ ਫਲਸਰੂਪ iAssure ਸੇਵਾ ਦੀ ਪੇਸ਼ਕਸ਼ ਨਾ ਕਰਨ ਦਾ ਫ਼ੈਸਲਾ ਕਰ ਸਕਦਾ ਹੈ ਅਤੇ ਇਸ ਬਾਰੇ ਕਾਰਡ ਮੈਂਬਰ ਨੂੰ ICICI ਬੈਂਕ ਦੇ ਰਿਕਾਰਡਾਂ ਵਿੱਚ ਦਰਜ ਕੀਤੇ ਗਏ ਬਿਲ ਭੇਜਣ ਵਾਲੇ ਪਤੇ 'ਤੇ ਸੂਚਤ ਕਰ ਸਕਦਾ ਹੈ ।

**XXX. ਝਗੜਿਆਂ ਦਾ ਨਿਪਟਾਰਾ**

ਸਾਰੇ ਝਗੜੇ ਸਿਰਫ਼ ਮੁੰਬਈ ਵਿੱਚ ਸਮਰੱਥ ਅਦਾਲਤਾਂ ਦੇ ਰਾਖਵੇਂ ਨਿਆਂ-ਅਧਿਕਾਰ ਮਾਤਹਿੱਤ ਹਨ ।

**XXXI. ਇਹਨਾਂ ਨਿਯਮਾਂ ਅਤੇ ਸ਼ਰਤਾਂ ਨੂੰ ਬਦਲਣਾ**

ICICI ਬੈਂਕ ਕੋਲ ਇਹਨਾਂ ਵਿੱਚੋਂ ਕਿਸੇ ਵੀ ਨਿਯਮਾਂ ਅਤੇ ਸ਼ਰਤਾਂ, ਉਹ ਤਬਦੀਲੀਆਂ ਜਿਹੜੀਆਂ ਮੌਜੂਦਾ ਬਕਾਇਆਂ ਨੂੰ ਪ੍ਰਭਾਵਤ ਕਰਦੀਆਂ ਹਨ, ਵਿਆਜ ਖ਼ਰਚੇ ਜਾਂ ਦਰਾਂ ਅਤੇ ਹਿਸਾਬ ਲਗਾਉਣ ਦੇ ਤਰੀਕਿਆਂ ਸਮੇਤ, ਪਰ ਇੱਥੋਂ ਤੱਕ ਸੀਮਤ ਨਹੀਂ, ਕਾਰਡ 'ਤੇ ਪੇਸ਼ ਕੀਤੀਆਂ ਗਈਆਂ ਵਿਸ਼ੇਸ਼ਤਾਵਾਂ ਅਤੇ ਲਾਭਾਂ, ਵਿੱਚ ਕਿਸੇ ਵੀ ਸਮੇਂ ਕੋਈ ਵੀ ਸੋਧ ਕਰਨ ਜਾਂ ਵਾਧਾ ਕਰਨ ਦਾ ਪੂਰਾ ਇਖਤਿਆਰ ਹੋਵੇਗਾ । ਕਾਰਡ ਮੈਂਬਰ ਇਹਨਾਂ ਦੁਹਰਾਏ ਗਏ ਨਿਯਮਾਂ ਅਤੇ ਸ਼ਰਤਾਂ ਤਹਿਤ ਸਹੇੜੇ ਗਏ ਸਾਰੇ ਖ਼ਰਚਿਆਂ ਅਤੇ ਹੋਰ ਸਾਰੀਆਂ ਜ਼ਿੰਮੇਵਾਰੀਆਂ ਲਈ ਉਦੋਂ ਤੱਕ ਜ਼ਿੰਮੇਵਾਰ ਹੋਵੇਗਾ ਜਦੋਂ ਤੱਕ ਕਾਰਡ ਤਹਿਤ ਸਾਰੀ ਰਾਸ਼ੀ ਦਾ ਪੂਰਾ ਭੁਗਤਾਨ ਨਹੀਂ ਕਰ ਦਿੱਤਾ ਜਾਂਦਾ ICICI ਬੈਂਕ ਸੋਧੀਆਂ ਹੋਈਆਂ ਸ਼ਰਤਾਂ ਨੂੰ ਇਨਫ਼ਿਨਿਟੀ 'ਤੇ ਪੇਸ਼ ਕਰਕੇ ਜਾਂ ICICI ਬੈਂਕ ਵੱਲੋਂ ਕੀਤੇ ਫ਼ੈਸਲੇ ਮੁਤਾਬਕ ਕਿਸੇ ਹੋਰ ਢੰਗ ਨਾਲ ਸੂਚਤ ਕਰ ਸਕਦਾ ਹੈ । ਕਾਰਡ ਮੈਂਬਰ ਇਸ ਵਿੱਚ ਕੀਤੀਆਂ ਗਈਆਂ ਸਮੇਤ ਇਹਨਾਂ ਨਿਯਮਾਂ ਅਤੇ ਸ਼ਰਤਾਂ ਦੀ ਨਿਯਮਿਤ ਰੂਪ ਵਿੱਚ ਸਮੀਖਿਆ ਕਰਨ ਲਈ ਜ਼ਿੰਮੇਵਾਰ ਹੋਵੇਗਾ, ਜੋ ਕਿ ਸ਼ਾਇਦ ਇਨਫ਼ਿਨਿਟੀ ਉੱਪਰ ਪੇਸ਼ ਕੀਤੀਆਂ ਜਾ ਸਕਦੀਆਂ ਹਨ ਅਤੇ ਇਹ ਕਾਰਡ ਨੂੰ ਵਰਤਣ ਲਈ ਸੋਧੀਆਂ ਗਈਆਂ ਨਿਯਮ ਅਤੇ ਸ਼ਰਤਾਂ ਵਜੋਂ ਸਵੀਕਾਰ ਕਰ ਲਈਆਂ ਗਈਆਂ ਸਮਝੀਆਂ ਜਾਣਗੀਆਂ । ਨਿਯਮਾਂ ਅਤੇ ਸ਼ਰਤਾਂ ਵਿੱਚ ਕੋਈ ਵੀ ਤਬਦੀਲੀ ਬਾਰੇ (ਵਿਆਜ ਖ਼ਰਚਿਆਂ ਅਤੇ ਦਰਾਂ ਤੋਂ ਇਲਾਵਾ) ਕਾਰਡ ਮੈਂਬਰ ਨੂੰ, ਉਪਰੋਕਤ ਦੱਸੇ ਗਏ ਤਰੀਕੇ ਨਾਲ, ਇਹਨਾਂ ਦੇ ਲਾਗੂ ਹੋਣ ਦੀ ਤਾਰੀਖ ਤੋਂ ਇੱਕ ਮਹੀਨਾ ਪਹਿਲਾਂ ਸੂਚਤ ਕੀਤਾ ਜਾਵੇਗਾ ।

**XXXII. ਸੂਚਨਾਵਾਂ**

ਇਹਨਾਂ ਨਿਯਮਾਂ ਅਤੇ ਸ਼ਰਤਾਂ ਅਧੀਨ ਜਾਂ ਇਨ੍ਹਾਂ ਨਾਲ ਸੰਬੰਧਿਤ ਸਭ ਨੋਟਿਸ ਅਤੇ ਦੂਜੀਆਂ ਸੂਚਨਾਵਾਂ, ਸਮੇਤ ਕਾਰਡ ਮੈਂਬਰ ਵੱਲੋਂ ਬਕਾਇਆ ਭੁਗਤਾਨਯੋਗ ਰਕਮਾਂ ਦੇ, ਆਈਸੀਆਈਸੀਆਈ ਬੈਂਕ ਲਿਮਿਟੇਡ, ਆਈਸੀਆਈਸੀਆਈ ਬੈਂਕ ਫ਼ੋਨ ਬੈਂਕਿੰਗ ਸੈਂਟਰ, ਪੀ.ਓ. ਬਾਕਸ ਨੂੰ. 20, ਬਨਜਾਰਾ ਹਿੱਲਸ ਪੀ.ਓ; ਹੈਦਰਾਬਾਦ-500034, ਭਾਰਤ ਰਾਹੀਂ, ਜਦ ਤਕ ਕੋਈ ਹੋਰ ਨਾ ਦੱਸਿਆ ਗਿਆ ਹੋਵੇ, ਪੱਤਰ ਜਾਂ ਫ਼ੈਕਸ ਰਾਹੀਂ ਦਿੱਤੀਆਂ ਜਾਣਗੀਆਂ । ਐਸੇ ਕਿਸੇ ਵੀ ਨੋਟਿਸ ਜਾਂ ਹੋਰ ਸੂਚਨਾ ਨੂੰ ਪ੍ਰਭਾਵਕਾਰੀ ਸਮਝਿਆ ਜਾਏਗਾ । (i) ਜਦੋਂ ਨਿੱਜੀ ਤੌਰ 'ਤੇ, ਚਿੱਠੀ

ਰਾਹੀਂ ਭੇਜਿਆ ਜਾਵੇ, ਜਾਂ ਜਦੋਂ ਚਿੱਠੀ ਦੀ ਵਾਪਸੀ ਭੇਜਣ ਵਾਲੇ ਦੇ ਵੱਸ ਤੋਂ ਬਾਹਰ ਹੋਵੇ, ਜੇ ਡਾਕ ਰਾਹੀਂ ਭੇਜਿਆ ਗਿਆ ਹੋਵੇ; ਅਤੇ (ii) ਜੇ ਫ਼ੈਕਸ ਰਾਹੀ ਭੇਜਿਆ ਗਿਆ ਹੋਵੇ, ਜਦੋਂ ਭੇਜਿਆ ਹੋਵੇ (ਸਹੀ ਫ਼ੋਕਸ ਨੰਬਰ ਦੀ ਪੁਸ਼ਟੀ ਦੀ ਪ੍ਰਾਪਤ 'ਤੇ)। ਹਾਲਾਂਕਿ, ਜੇ, ICICI ਬੈਂਕ ਨੂੰ ਕੋਈ ਵੀ ਨੋਟਿਸ ਜਾਂ ਸੂਚਨਾ ਪ੍ਰਭਾਵਕ ਨਹੀਂ ਹੋਵੇਗੀ ਬਸ਼ਰਤੇ ICICI ਬੈਂਕ ਵੱਲੋਂ ਇਸਨੂੰ ਅਮਲ ਵਿੱਚ ਪ੍ਰਾਪਤ ਕੀਤਾ ਅਤੇ ਪ੍ਰਵਾਨ ਕੀਤਾ ਹੋਵੇ। ਨੋਟਿਸ ਜਾਂ ਸੂਚਨਾ ਇੱਥੇ ਭੇਜੀਆਂ ਜਾ ਸਕਦੀਆਂ ਹਨ: (i) ICICI ਬੈਂਕ ਦੇ ਰਿਕਾਰਡਾਂ ਵਿੱਚ ਦਰਜ ਕੀਤੇ ਹੋਏ ਮੁਤਾਬਕ ਕਾਰਡ ਮੈਂਬਰ ਦਾ ਪਤਾ ਜਾਂ ਫ਼ੈਕਸ ਨੰਬਰ ਅਤੇ ਜਿਸ ਪਤੇ 'ਤੇ ਨੋਟਿਸ/ਸੂਚਨਾਵਾਂ ਭੇਜੀਆਂ ਜਾਣੀਆਂ ਹਨ (ਅਰਜ਼ੀ ਫ਼ਾਰਮ ਵਿੱਚ ਦੱਸੇ ਹੋਏ ਮੁਤਾਬਕ), ਅਤੇ (ii) ICICI ਬੈਂਕ ਦਾ ਜ਼ੋਨਲ/ਖੇਤਰੀ/ਸ਼ਾਖਾ/ਦਫ਼ਤਰ ਦਾ ਪਤਾ ਜਾਂ ਫ਼ੈਕਸ ਨੰਬਰ (ਅਰਜ਼ੀ ਫ਼ਾਰਮ ਵਿੱਚ ਦੱਸੇ ਹੋਏ), ਜਾਂ ਅਜਿਹੇ ਦੂਜੇ ਪਤੇ ਜਾਂ ਫ਼ੈਕਸ ਨੰਬਰ 'ਤੇ ਜੋ ਸ਼ਾਇਦ ਕਾਰਡ ਮੈਂਬਰ ਜਾਂ ICICI ਬੈਂਕ ਵੱਲੋਂ ਇੱਕ ਦੂਜੇ ਨੂੰ ਲਿਖਤੀ ਰੂਪ ਵਿੱਚ ਮਨੋਨੀਤ ਕੀਤਾ ਹੋਵੇ। ਕਾਰਡ ਮੈਂਬਰ ਵੱਲੋਂ ICICI ਬੈਂਕ ਨੂੰ ਆਪਣੇ ਸੰਪਰਕ ਪਤੇ ਜਾਂ ਵੇਰਵਿਆਂ ਵਿੱਚ ਕਿਸੇ ਤਰ੍ਹਾਂ ਦੀਆਂ ਤਬਦੀਲੀਆਂ ਬਾਰੇ ਲਿਖਤੀ ਰੂਪ ਵਿੱਚ ਸੂਚਤ ਕਰਨ ਵਿੱਚ ਅਸਫ਼ਲ ਰਹਿਣ ਦੀ ਸਥਿਤੀ ਵਿੱਚ, ਉਸ ਵੱਲੋਂ ਐਪਲੀਕੇਸ਼ਨ ਫ਼ਾਰਮ ਜਾਂ ਅਖੀਰ ਵਿੱਚ ਦਿੱਤੇ ਗਏ ਪਤੇ ਦੇ ਕਿਸੇ ਨੋਟਿਸ/ਚਿੱਠ-ਪੱਤਰ ਦੀ ਸੇਵਾ ਨੂੰ ਕਾਰਡ ਮੈਂਬਰ 'ਤੇ ਢੁੱਕਵੀਂ ਅਤੇ ਬਥੇਰੀ ਸੇਵਾ ਸਮਝਿਆ ਜਾਵੇਗਾ ਭਾਵੇਂ ਅਜਿਹਾ ਨੋਟਿਸ ICICI ਬੈਂਕ ਨੂੰ ''ਨਾ ਭੇਜੇ ਜਾਣ'' ਵਜੋਂ ਮੋੜਿਆ ਜਾਵੈ ਜਾਂ ਨਾ। ਕਾਰਡ ਮੈਂਬਰ ਦੀ ਰਿਹਾਇਸ ਜਾਂ ਦਫ਼ਤਰ ਵਾਲੇ ਇਲਾਕੇ ਵਿੱਚ ਉਪਲਬਧ ਕਿਸੇ ਅਖਬਾਰ ਵਿੱਚ ਛਪਿਆ ਕੋਈ ਨੋਟਿਸ ਇਸ ਦੇ ਪ੍ਰਕਾਸ਼ਨ ਦੀ ਤਾਰੀਖ ਤੋਂ ਇੱਕ ਉਚਿਤ ਨੋਟਿਸ ਹਜੋਂ ਸਮਝਿਆ ਜਾਵੇਗਾ; ਹਾਲਾਕਿ ਜੇ, ਕਿਸੇ ਅਖਬਾਰ ਵਿੱਚਲਾ ਨੋਟਿਸ ICICI ਬੈਂਕ ਦੇ ਖਿਲਾਫ਼ ਪ੍ਰਭਾਵਕ ਨਾ ਹੋਵੇ ਬਸ਼ਰਤ ICICI ਬੈਂਕ ਵੱਲੋਂ ਪ੍ਰਵਾਨ ਕੀਤਾ ਗਿਆ ਹੋਵੇ।

## XXXIII. ਵਿਆਪਕ ਭਾਰਤੀ ਕ੍ਰੈਡਿਟ ਕਾਰਡ ਸ਼ਰਤਾਂ

ਇਹ ਸ਼ਰਤਾਂ (''ਸ਼ਰਤਾਂ'') ਸਿਰਫ਼ ਵਿਆਪਕ ਭਾਰਤੀ ਕ੍ਰੈਡਿਟ ਕਾਰਡ ਦੀ ਵਰਤੋਂ ਕਰਨ ਵਾਲੇ ਕਾਰਡ ਮੈਂਬਰ'ਤੇ ਹੀ ਲਾਗੂ ਹੁੰਦੀਆਂ ਹਨ: ਇਹ ਨਿਯਮ ਅਤੇ ਸ਼ਰਤਾਂ ਕ੍ਰੈਡਿਟ ਕਾਰਡਾਂ ਦੀ ਵਰਤੋਂ ਲਈ ਹੋਰਨਾਂ ਨਿਯਮਾਂ ਅਤੇ ਸ਼ਰਤਾਂ (''ਨਿਯਮ ਅਤੇ ਸ਼ਰਤਾਂ'') ਤੋਂ ਇਲਾਵਾ ਹਨ। ਜਦੋਂ ਵੀ ਇਹਨਾਂ ਦੋਵਾਂ ਨਿਯਮਾਂ ਅਤੇ ਸ਼ਰਤਾਂ ਵਿਚਾਲੇ ਕੋਈ ਮਤਭੇਦ ਹੋਵੇ, ਇਹ ਸ਼ਰਤਾਂ ਹਾਵੀ ਹੋਣਗੀਆਂ।

ਵਿਆਪਕ ਭਾਰਤੀ ਕ੍ਰੈਡਿਟ ਕਾਰਡ ਉੱਤੇ ਨਕਦੀ ਕਢਵਾਉਣ ਦੀ ਆਗਿਆ ਨਹੀਂ ਹੋਵੇਗੀ। ਵਿਆਪਕ ਭਾਰਤੀ ਕ੍ਰੈਡਿਟ ਕਾਰਡ ਉੱਪਰ ਕੋਈ ਕੈਸ਼ ਲਿਮਿਟ ਮੁਹੱਈਆ ਨਹੀਂ ਕੀਤੀ ਜਾਵੇਗੀ।

ਕਾਰਡ ਮੈਂਬਰ ICICI ਬੈਂਕ ਨੂੰ ਭੁਗਤਾਨ ਦੀ ਦੇਣਯੋਗ ਤਾਰੀਖ ਨੂੰ ਕੁੱਲ ਦੇਣਯੋਗ ਰਾਸ਼ੀ ਦਾ ਭੁਗਤਾਨ ਕਰੇਗਾ। ਵਿਆਪਕ ਭਾਰਤੀ ਕ੍ਰੈਡਿਟ ਕਾਰਡ ਉੱਪਰ MAD ਦੇ ਭੁਗਤਾਨ ਦੀ ਸਹੂਲਤ ਨਹੀਂ ਹੋਵੇਗੀ। ਵਿਆਪਕ ਭਾਰਤੀ ਕ੍ਰੈਡਿਟ ਕਾਰਡ ਦਾ ਭੁਗਤਾਨ ਸਿਰਫ਼ ECS ਤਰੀਕੇ ਨਾਲ ਹੀ ਕੀਤਾ ਜਾਵੇਗਾ।

## XXXIV. EMI ਕ੍ਰੈਡਿਟ ਕਾਰਡ ਸ਼ਰਤਾਂ

ਇਹ ਸ਼ਰਤਾਂ (''ਸ਼ਰਤਾਂ'') ਸਿਰਫ਼ ਇੱਕ EMI ਕਾਰਡ ਦੀ ਵਰਤੋਂ ਕਰਨ ਵਾਲੇ ਕਾਰਡ ਮੈਂਬਰ 'ਤੇ ਹੀ ਲਾਗੂ ਹੁੰਦੀਆਂ ਹਨ। ਇਹ ਨਿਯਮ ਅਤੇ ਸ਼ਰਤਾਂ ਕ੍ਰੈਡਿਟ ਕਾਰਡਾਂ ਦੀ ਵਰਤੋਂ ਲਈ ਹੋਰਨਾਂ ਨਿਯਮਾਂ ਅਤੇ ਸ਼ਰਤਾਂ (ਨਿਯਮ ਅਤੇ ਸ਼ਰਤਾਂ'' ਤੋਂ ਇਲਾਵਾ ਹਨ। ਜਦੋਂ ਵੀ ਇਹਨਾਂ ਦੋਵਾਂ ਨਿਯਮਾਂ ਅਤੇ ਸ਼ਰਤਾਂ ਵਿਚਾਲੇ ਕੋਈ ਮਤਭੇਦ ਹੋਵੇ, ਇਹ ਸ਼ਰਤਾਂ ਹਾਵੀ ਹੋਣਗੀਆਂ।

1. EMI ਕਾਰਡ ਦੇ ਕੇਸ ਵਿੱਚ, EMI ਕਾਰਡ ਧਾਰਕ ਸਟੇਟਮੈਂਟ ਵਿੱਚ ਦਰਸਾਏ ਗਏ ਵਾਂਗ ਕਾਰਡ ਹੇਠ ਸਾਰੀ ਬਕਾਇਆ ਰਾਸ਼ੀ ਦਾ ਭੁਗਤਾਨ ਬਰਾਬਰ ਕੀਤੀਆਂ ਮਹੀਨੇਵਾਰ ਕਿਸ਼ਤਾਂ (Equated Monthly Installments (EMI) ਵਿੱਚ ਕਰੇਗਾ। ਅਜਿਹੀ EMI ਬਕਾਇਆ ਰਾਸ਼ੀ (EAD) ICICI ਬੈਂਕ ਵੱਲੋਂ ਕਾਰਡ ਮੈਂਬਰ ਨੂੰ ਮੁਕੱਰਰ ਕੀਤੀ ਪਰਚੇਜ਼-ਲਿਮਿਟ 'ਤੇ ਅਧਾਰਤ ਹੋਵੇਗਾ ਅਤੇ ਹੋਰਨਾਂ ਗੱਲਾਂ ਤੋਂ ਇਲਾਵਾ, ICICI ਬੈਂਕ ਵੱਲੋਂ ਕਾਰਡ ਮੈਂਬਰ ਨੂੰ, ਸਟੇਟਮੈਂਟ ਵਿੱਚ ਦਰਸਾਏ ਗਏ ਹਾਂਗ ਹੋਏਗੀ। EAD ਪਰਚੇਜ਼ ਲਿਮਿਟ, ਟ੍ਰਾਂਜ਼ੈਕਸ਼ਨ ਫ਼ੀਸ ਅਤੇ ਵਿਆਜ ਤੋਂ ਮਿਲ ਕੇ ਬਣੇਗੀ। ਟ੍ਰਾਂਜ਼ੈਕਸ਼ਨ ਦੇ ਦਿਨ ਤੋਂ ਟ੍ਰਾਂਜ਼ੈਕਸ਼ਨ ਦੀ ਰਾਸ਼ੀ 'ਤੇ ਵਿਆਜ ਲੱਗਣਯੋਗ ਹੋਹੇਗਾ।

   ਇਸ ਤੋਂ ਇਲਾਵਾ, ਜੇ ਕਿਸੇ EAD ਦਾ ਭੁਗਤਾਨ ਸਟੇਟਮੈਂਟ ਵਿੱਚ ਦਰਸਾਈ ਗਈ ਭੁਗਤਾਨ ਦੀ ਦੇਣਯੋਗ ਤਾਰੀਖ ਤੱਕ ਨਹੀਂ ਕੀਤਾ ਜਾਂਦਾ, ਤਾਂ ਕਾਰਡ ਮੈਂਬਰ 'ਤੇ ਸਰਵਿਸ ਚਾਰਜ ਅਤੇ ਲੇਟ ਪੇਮੈਂਟ ਚਾਰਜ ਲੱਗਣਗੇ। ਜੇ ਪਿਛਲੀਆ ਸਟੇਟਮੈਂਟਾਂ ਵਿੱਚੋਂ EAD ਦੀ ਕੋਈ ਰਾਸ਼ੀ ਭੁਗਤਾਏ ਬਿਨਾ ਰਹਿ ਜਾਂਦੀ ਹੈ, ਇਸਨੂੰ ਹੈ, ਤਾਂ ਇਸਨੂੰ ਵੀ ਮੌਜੂਦ ਸਟੇਟਮੈਂਟ ਲਈ EAD ਵਿੱਚ ਜੋੜ ਦਿੱਤਾ ਜਾਵੇਗਾ।

ਹਾਲਾਂਕਿ, ਜੇ ਭੁਗਤਾਨ ਵਾਧੂ ਕੀਤਾ ਗਿਆ ਹੋਵੇ, ਤਾਂ ਟੈਰਿਫ਼ ਅੰਤਿਕਾ ਵਿੱਚ ਨਿਰਧਾਰਕ ਕੀਤੇ ਕੁਝ ਖਰਚੇ ਪਾਏ ਜਾਣਗੇ। ਅਜਿਹਾ ਵਾਧੂ ਭੁਗਤਾਨ, ਅਗਲੇ ਮਹੀਨੇ ਦੀ EAD ਵਿੱਚ ਮਿਲਾਇਆ ਜਾਵੇਗਾ ਅਤੇ ਸਟੇਟਮੈਂਟ ਵਿੱਚ ਦਿਖਾਇਆ ਜਾਵੇਗਾ। ਇਸ ਤੋਂ ਇਲਾਵਾ, ਜਿਥੇ ਕਾਰਡ ਮੈਂਬਰ ਵੱਲੋਂ ਅਦਾਇਗੀਯੋਗ ਰਾਸ਼ੀ ਕਿਸੇ ਖਾਸ ਮਹੀਨੇ ਦੇ ਅਖੀਰ 'ਤੇ EAD ਨਾਲੋਂ ਘੱਟ ਹੋਵੇ, ਤਾਂ ਕਾਰਡ ਮੈਂਬਰ ਸਿਰਫ਼ ਉਨੀ ਹੀ ਰਕਮ ਦਾ ਭੁਗਤਾਨ ਕਰਨ ਲਈ ਜਿੰਨੀ ਕਿ ਅਦਾਇਗੀਯੋਗ ਹੈ।

2. ਫ਼ੀਸ ਅਤੇ ਖ਼ਰਚਿਆਂ ਦਾ ਹਿਸਾਬ ਹੇਠਾਂ ਦਰਸਾਏ ਵਾਂਗ ਹੈ। ਮਿਸਾਲ ਲਈ, ਕਿਸੇ ਕਾਰਡ ਧਾਰਕ ਕੋਲ 48000 ਰੁਪਏ ਦੀ ਪਰਚੇਜ਼ ਲਿਮਿਟ ਅਤੇ 1.49% ਵਿਆਜ (ਮਹੀਨਵਾਰ) ਵਾਲਾ ਇੱਕ EMI ਕਾਰਡ ਹੈ ਜਿਸਦੀ EAD 2000/- ਪ੍ਰਤੀ ਮਹੀਨਾ ਹੈ। ਸਟੇਟਮੈਂਟ ਤਾਰੀਖ ਹਰ ਮਹੀਨੇ 20 ਤਾਰੀਖ ਹੁੰਦੀ ਹੈ ਅਤੇ ਹਰ ਮਹੀਨੇ ਦੀ 7 ਤਾਰੀਖ ਦਣਯੋਗ ਤਾਰੀਖ ਹੁੰਦੀ ਹੈ।

ਕਾਰਡ–ਧਾਰਕ ਨੇ ਜਨਵਰੀ "06 ਦੀ ੫ ਤਾਰੀਖ ਨੂੰ 1000/- ਰੁਪਏ ਦੀ ਕੁੱਲ ਖਰੀਦਦਾਰੀ ਕੀਤੀ ਹੈ। ਇਸ ਲੈਣ–ਦੇਣ 'ਤੇ 149/- ਦੀ ਟ੍ਰਾਂਜ਼ੈਕਸ਼ਨ ਫ਼ੀਸ ਲਗਾਈ ਜਾਵੇਗੀ। ਜਨਵਰੀ '06 ਦੀ 20 ਤਾਰੀਖ ਨੂੰ ਸਟੇਟਮੈਂਟ ਤਿਆਰ ਕੀਤੀ ਜਾਵੇਗੀ ਅਤੇ ਅੰਤਮ ਬਕਾਇਆ ਰਾਸ਼ੀ 10224.61/- ਰੁਪਏ ਹੋਵੇਗੀ। ਇਸ ਵਿੱਚ ਜਨਵਰੀ '06 ਦੀ 5 ਤਾਰੀਖ ਤੋਂ ਲੈ ਕੇ ਜਨਵਰੀ '06 ਦੀ 20 ਤਾਰੀਖ ਤੱਕ ਤੁਹਾਡੇ ਵੱਲੋਂ ਕੀਤੀਆਂ ਖ਼ਰੀਦਦਾਰੀਆਂ ਉੱਤੇ 75.67/- ਦਾ ਵਿਆਜ ਸ਼ਾਮਲ ਹੋਵੇਗਾ। ਕਾਰਡ–ਧਾਰਕ ਨੂੰ ਫ਼ਰਵਰੀ '06 ਦੀ 7 ਤਾਰੀਖ ਨੂੰ 2000 ਰੁਪਏ ਦੀ EAD ਦੀ ਅਦਾਇਗੀ ਕਰਨੀ ਪਏਗੀ। 10 ਫ਼ਰਵਰੀ '06 ਨੂੰ ਕਾਰਡ–ਧਾਰਕ 6000/- ਰੁਪਏ ਦੀ ਖ਼ਰੀਦ ਕਰਦਾ ਹੈ। ਇਸ ਲੈਣ–ਦੇਣ ਉੱਤੇ 149/- ਰੁਪਏ ਦੀ ਟ੍ਰਾਂਜ਼ੈਕਸ਼ਨ ਫ਼ੀਸ ਲਗਾਈ ਜਾਵੇਗੀ। 7 ਫ਼ਰਵਰੀ '06 ਨੂੰ ਕਾਰਡ–ਧਾਰਕ 2000 ਰੁਪਏ ਦੀ ਇੱਕ ਅਦਾਇਗੀ ਕਰਦਾ ਹੈ। 20 ਜਨਵਰੀ '06 ਤੋਂ ਲੈ ਕੇ 7 ਫ਼ਰਵਰੀ '06 ਤੱਕ 10224.46 ਰਕਮ 'ਤੇ ਅਤੇ 7 ਫ਼ਰਵਰੀ 06 ਤੋਂ ਲੈ ਕੇ 20 ਫ਼ਰਵਰੀ '06 ਤੱਕ 8224.61 ਰਾਸ਼ੀ ਉੱਤੇ ਵਿਆਜ ਦੀ ਵਸੂਲੀ ਕੀਤੀ ਜਾਵੇਗੀ। 10 ਫ਼ਰਵਰੀ '06 ਤੋਂ ਲੈ ਕੇ 20 ਫ਼ਰਵਰੀ '06 ਤੱਕ 6000/- ਰੁਪਏ ਦੀ ਖਰੀਦ 'ਤੇ ਵੀ ਵਿਆਜ ਦੀ ਵਸੂਲੀ ਕੀਤੀ ਜਾਵੇਗੀ। ਇਸ ਤਰ੍ਹਾਂ 20 ਫ਼ਰਵਰੀ '06 ਨੂੰ ਤਿਆਰ ਕੀਤੀ ਗਈ ਸਟੇਟਮੈਂਟ ਵਿੱਚ ਕੁੱਲ 169097/- ਰੁਪਏ ਵਿਆਜ ਦੀ ਰਕਮ ਦਿਖਾਈ ਜਾਵੇਗੀ, ਅਤੇ 20 ਫ਼ਰਵਰੀ 06 ਨੂੰ ਅੰਤਮ ਬਕਾਇਆ ਰਾਸ਼ੀ 14543.58 ਰੁਪਏ ਹੋਵੇਗੀ। ਕਾਰਡ–ਧਾਰਕ ਨੂੰ 7 ਮਾਰਚ '06 ਨੂੰ 2000 ਰੁਪਏ ਦੀ EAD ਦਾ ਭੁਗਤਾਨ ਕਰਨਾ ਪਏਗਾ।

ਭੁਗਾਤਾਨ ਵਿੱਚ ਕਿਸੇ ਤਰ੍ਹਾਂ ਦੀ ਦੇਰੀ ਦੀ ਸਥਿਤੀ ਵਿੱਚ ਦੇਰੀ ਨਾਲ ਅਦਾਇਗੀ ਕਰਨ ਦਾ ਖਰਚਾ ਲਗਾਇਆ ਜਾਵੇਗਾ। EAD ਤੋਂ ਉੱਪਰ ਵਾਧੂ ਕੀਤੀ ਗਈ ਕਿਸੇ ਅਦਾਇਗੀ ਦੀ ਸਥਿਤੀ ਵਿੱਚ, ਕੁਝ ਖਰਚਾ ਵਸੂਲਿਆ ਜਾਵੇਗਾ। ਖਰਚਿਆਂ ਦੇ ਵੇਰਵਿਆਂ ਲਈ ਕਿਰਪਾ ਕਰਕੇ ਟੈਰਿਫ਼ ਅੰਤਿਕਾ ਦਾ ਹਲਾਵਾ ਲਓ। ਕਾਰਡ ਮੈਂਬਰ ਵੱਲੋਂ ਕੀਤੀਆਂ ਗਈਆਂ ਕੋਈ ਵਿਸਤਾਰ ਸਬੰਧੀ ਖਰੀਦਦਾਰੀਆਂ ਦੇ ਸਿੱਟੇ ਵੱਜੋਂ EAD ਵਿੱਚ ਕੋਈ ਵਾਧਾ ਨਹੀਂ ਹੋਵੇਗਾ, ਪਰ ਅੰਤਮ ਬਕਾਇਆ ਰਾਸ਼ੀ ਅਤੇ ਮੁੜ–ਭੁਗਤਾਨ ਦੀ ਮਿਆਦ ਵਿੱਚ ਇੱਕ ਤੁਲਵਾਂ ਵਾਧਾ ਹੋਵੇਗਾ। ਇਸੇ ਨੂੰ ਹੇਠਾਂ ਇੱਕ ਸਾਰਣੀ ਦੇ ਰੂਪ ਵਿੱਚ ਸਮਝਾਇਆ ਗਿਆ ਹੈ।

| **EMI ਕਾਰਡ–ਉਤਪਾਦ ਵੇਰਵੇ** | **EAD** | **2000** | |
|---|---|---|---|
| | **ਖ਼ਰੀਦ ਸੀਮਾ** | **48000** | |
| | **ਵਿਆਜ** | **1.495** | |
| | **ਸਟੇਟਮੈਂਟ ਤਾਰੀਖ** | **ਹਰ ਮਹੀਨੇ ਦੀ 20 ਤਾਰੀਖ** | |
| | **ਦੇਣਯੋਗ ਤਾਰੀਖ** | **ਹਰ ਮਹੀਨੇ ਦੀ 7 ਤਾਰੀਖ** | |
| | **ਮਹੀਨਾ 1** | **ਮਹੀਨਾ 2** | |
| ਮੁੱਢਲੀ ਬਕਾਇਆ ਰਾਸ਼ੀ | 0 | ਮੁੱਢਲੀ ਬਕਾਇਆ ਰਾਸ਼ੀ | 10224.61 |
| ਟ੍ਰਾਂਜ਼ੈਕਸ਼ਨ ਰਾਸ਼ੀ (5 ਜਨਵਰੀ '06) | 1000 | ਟ੍ਰਾਂਜ਼ੈਕਸ਼ਨ ਰਾਸ਼ੀ (10 ਫ਼ਵਵਰੀ '06) | 6000 |
| ਟ੍ਰਾਂਜ਼ੈਕਸ਼ਨ ਫ਼ੀਸ (5 ਜਨਵਰੀ '06) | 149 | ਟ੍ਰਾਂਜ਼ੈਕਸ਼ਨ ਫ਼ੀਸ (10 ਫ਼ਰਵਰੀ '06) | 149 |
| ਵਿਆਜ | 75.61 | ਵਿਆਜ | 169.97 |
| ਅੰਤਮ ਬਕਾਇਆ ਰਾਸ਼ੀ | 10224.61 | ਅੰਤਮ ਬਕਾਇਆ ਰਾਸ਼ੀ | 1453.58 |
| EMI ਬਕਾਇਆ ਰਾਸ਼ੀ | 2000 | EMI ਬਕਾਇਆ ਰਾਸ਼ੀ | 2000 |
| ਭੁਗਤਾਨ ਕੀਤੀ EMI ਰਾਸ਼ੀ | 2000 | ਭੁਗਤਾਨ ਕੀਤੀ EMI ਰਾਸ਼ੀ | 2000 |

ICICI ਬੈਂਕ ਕਿਸੇ ਕਾਰਡ ਅਕਾਊਂਟ ਨੂੰ ਇੱਕ ਪਰਚੇਜ਼–ਲਿਮਿਟ ਨਿਯਚ ਕਰੇਗਾ, ਜੋ ਲਾਜ਼ਮੀ ਤੌਰ 'ਤੇ ਕਿਸੇ ਵੀ ਸਮੇਂ ਵੱਧਣੀ ਨਹੀਂ ਚਾਹੀਦੀ।

ਹਾਲਾਂਕਿ, ਜੇ ਕੁੱਲ ਬਕਾਇਆ ਰਾਸ਼ੀ ਪਰਚੇਜ਼-ਲਿਮਿਟ ਨਾਲੋਂ ਵੱਧ ਜਾਂਦੀ ਹੈ, ਤਾਂ ਵਾਧੂ ਰਾਸ਼ੀ 'ਤੇ ਇੱਕ ਵਾਧੂ ਖ਼ਰਚਾ ਲਗਾਇਆ ਜਾਵੇਗਾ। ਖ਼ਰਚਿਆਂ 'ਤੇ ਜਾਣਕਾਰੀ ਲਈ ਟੈਰਿਫ਼ ਅੰਤਿਕਾ ਦਾ ਹਵਾਲਾ ਲਓ।

MAD ਦੀ ਅਦਾਇਗੀ ਦੀ ਕੋਈ ਸਹੂਲਤ EMI ਕਾਰਡਾਂ 'ਤੇ ਲਾਗੂ ਨਹੀਂ ਹੋਵੇਗੀ।

3. ਸਪਲੀਮੈਂਟਰੀ ਕਾਰਡਾਂ ਅਤੇ ਮਰਚੈਂਟ ਬੇਸਡ ਐਸਟੈਬਲਿਸ਼ਮੈਂਟ ਪ੍ਰੋਗਰਾਮ ਦੀ ਸਹੂਲਤ EMI ਕਾਰਡਾਂ 'ਤੇ ਲਾਗੂ ਨਹੀਂ ਹੋਵੇਗੀ।

### XXXV. ਕਾਰਪੋਰੇਟ ਕ੍ਰੈਡਿਟ ਕਾਰਡ ਸ਼ਰਤਾਂ

ਇਹ ਸ਼ਰਤਾਂ (''ਸ਼ਰਤਾਂ'') ਸਿਰਫ਼ ਇੱਕ ਕਾਰਪੋਰੇਟ ਕ੍ਰੈਡਿਟ ਕਾਰਡ ਦੀ ਵਰਤੋਂ ਕਰਨ ਵਾਲੇ ਕਾਰਡ ਮੈਂਬਰ 'ਤੇ ਹੀ ਲਾਗੂ ਹੁੰਦੀਆਂ ਹਨ। ਇਹ ਨਿਯਮ ਅਤੇ ਸ਼ਰਤਾਂ ਕ੍ਰੈਡਿਟ ਕਾਰਡਾਂ ਦੀ ਵਰਤੋਂ ਲਈ ਹੋਰਨਾਂ ਨਿਯਮਾਂ ਅਤੇ ਸ਼ਰਤਾਂ (''ਨਿਯਮ ਅਤੇ ਸ਼ਰਤਾਂ'' ਤੋਂ ਇਲਾਵਾ ਹਨ। ਜਦੋਂ ਵੀ ਇਹਨਾਂ ਦੋਵਾਂ ਨਿਯਮਾਂ ਅਤੇ ਸ਼ਰਤਾਂ ਵਿਚਾਲੇ ਕੋਈ ਮਤਭੇਦ ਹੋਵੇ, ਇਹ ਸ਼ਰਤਾਂ ਹਾਵੀ ਹੋਣਗੀਆਂ।

ਇੱਕ ਕਾਰਪੋਰੇਟ ਕ੍ਰੈਡਿਟ ਕਾਰਡ ਐਸਾ ਕਾਰਡ ਹੈ ਜਿਸ ਵਿੱਚ ਕਾਰਡ ਮੈਂਬਰ ਦੀ ਵਿਅਕਤੀਗਤ ਜ਼ਿੰਮੇਵਾਰੀ ਹੋ ਸਕਦੀ ਹੈ (''CCCL'') ਜਾਂ ਕਾਰਪੋਰੇਟ ਜ਼ਿੰਮੇਵਾਰੀ ਸਹਿਤ ਕਾਪੋਰੇਟ ਕਾਰਡ (''CCCL'') ਜਿਸ ਵਿੱਚ ਕਾਰਡ ਮੈਂਬਰ ਅਤੇ ਕੰਪਨੀ, ਦੋਵ੍ਹਾਂ ਦੀ ਜ਼ਿੰਮੇਵਾਰੀ ਹੁੰਦੀ ਹੈ।

ICICI ਬੈਂਕ ਉਸ (ਉਹਨਾਂ) ਕਾਰਡ ਮੈਂਬਰ (ਮੈਂਬਰਾਂ) ਨੂੰ ਕਾਰਡ ਜਾਰੀ ਕਰੇਗਾ ਜਿਹਨਾਂ ਦੀਆਂ ਅਰਜ਼ੀਆਂ ਇਹ ਪ੍ਰਵਾਨ ਕਰਦਾ ਹੈ। ਬਸ਼ਰਤੇ ਓਦਾਂ ਸਹਿਮਤੀ ਜਤਾਈ ਗਈ ਹੋਵੇ, ਹਰੇਕ ਕਾਰਡ ਦੇ ਉੱਪਰ ਕਾਰਡ ਮੈਂਬਰ ਅਤੇ ਕੰਪਨੀ ਦੋਰਾਂ ਦਾ ਨਾਮ ਉਭਰੇ ਹੋਏ ਰੂਪ ਵਿੱਚ ਲਿਖਿਆ ਹੋਏਗਾ ICICI ਬੈਂਕ ਆਪਣੇ ਆਮ ਵਿਹਾਰ ਦੇ ਮੁਤਾਬਕ ਨਵਿਆਏ ਗਏ ਜਾਂ ਬਦਲੇ ਗਏ ਕਾਰਡ ਜਾਰੀ ਕਰੇਗਾ ਜਦੋਂ ਤੱਕ ਹੇਠਾਂ ਜ਼ਿੰਦਰ ਕੀਤੀ ਰੱਦ ਕਰਨ ਦੀ ਦਫ਼ਾ ਮੁਤਾਬਕ ਕਾਰਡ ਰੱਦ ਨਾ ਹੋ ਜਾਵੇ।

**ਪਰੀਭਾਸ਼ਾਵਾਂ:**

''ਕਾਰਡ ਅਕਾਊਂਟ'' ਦਾ ਮਤਲਬ ਹੈ ਕੰਪਨੀ ਦੇ ਨਾਂ ਵਿੱਚ ਖੋਲ੍ਹਿਆ ਗਿਆ ਅਕਾਊਂਟ ਜਿਸ ਨੂੰ ਆਈਸੀਆਈਸੀਆਈ ਬੈਂਕ ਇੱਥੇ ਸ਼ਾਮਲ ਨਿਯਮਾਂ ਅਤੇ ਸ਼ਰਤਾਂ ਅਨੁਸਾਰ ਕਾਰਪੋਰੇਟ ਕ੍ਰੈਡਿਟ ਕਾਰਡ ਦੇ ਉਪਯੋਗ ਦੇ ਮਨੋਦੇਨ ਕਰਦਾ ਹੈ।

''ਸਰਵਿਸਿਜ਼'' ਦਾ ਮਤਲਬ ਹੈ ਵੀਜ਼ਾ ਇਨਫ਼ਰਮੇਸ਼ਨ ਮੈਨੇਜਮੈਂਟ ਸਰਵਿਸਿਜ਼ ਜਿਨ੍ਹਾਂ ਵਿੱਚ ਸ਼ਾਮਲ ਹੋਣਗੀਆਂ ਡੇਟਾ ਸਰਵਿਸਿਜ਼ ਅਤੇ ਕਾਪੀਗਈਟੇਡ ਆਨ-ਲਾਈਨ ਕੰਮ ਜਿਸ ਨੂੰ ਕਹਿੰਦੇ ਹਨ ਵੀਜ਼ਾ ਇਨਫ਼ਰਮੇਸ਼ਨ ਸੋਰਸ (''VIS''), ਵੀਜ਼ਾ ਮਲਟੀਨੇਸ਼ਨਲ ਰੀਪੋਰਟਿੰਗ (''VMR''), ਵੀਜ਼ਾ ਟ੍ਰੈਵਲ ਅਕਾਊਂਟ ਮੈਨੇਜਰ (''VTAM''), ਅਤੇ ਇਨਹਾਂਸਡ ਡੇਟਾ ਸਰਵਿਸਿਜ਼ (''EDS'') ਅਤੇ ਇਹਨਾਂ ਵਿੱਚ ਕੀਤੇ ਗਏ ਸਭ ਅਪਡੇਟਸ ਅਤੇ ਅਪਗ੍ਰੇਡਸ, ਸਮੇਤ ਕਿਸੇ ਵੀ ਨਾਲ ਲੱਗੇ ਦਸਤਾਵੇਜ਼, ਫ਼ਾਈਲ, ਡੇਟਾ ਅਤੇ ਹੋਰ ਸਾਮਰਾਰੀ ਦੇ। ਇਸ ਵਿੱਚ ਮਾਸਟਰ ਕਾਰਡ ਸਮਾਟਰ ਕਾਰਡ ਸਮਾਰਟ ਡੇਟਾ ਆਨਲਾਈਨ (''SDOL''), ਵੀ ਸ਼ਾਮਲ ਹੋਏਗਾ, ਜਿਸ ਵਿੱਚ ਸ਼ਾਮਲ ਹੋਣਗੀਆਂ ਡੇਟਾ ਸਰਵਿਸਿਜ਼ ਅਤੇ ਕਾਪੀਰਾਈਟੇਡ ਆਨ-ਲਾਈਨ ਕੰਮ ਜਿਸ ਨੂੰ ਕਹਿੰਦੇ ਹਨ ਸਮਾਰਟ ਡੇਟਾ ਆਨਲਾਈਨ (''SDOL''), ਅਤੇ ਇਹਨਾਂ ਵਿੱਚ ਕੀਤੇ ਗਏ ਸਭ ਅਪਡੇਟਸ ਅਤੇ ਅਪਗ੍ਰੇਡਸ, ਸਮੇਤ ਕਿਸੇ ਵੀਨਾਲ ਲੱਗੇ ਦਸਤਾਵੇਜ਼, ਫ਼ਾਈਲ, ਡੇਟਾ ਅਤੇ ਹੋਰ ਸਾਮਗਰੀ ਦੇ।

**ਵੀਜ਼ਾ ਇਨਫ਼ਾਰਮੇਸ਼ਨ ਮੈਨੇਜਮੈਂਟ ਸਰਵਿਸਿਜ਼ (''ਸਰਵਿਸਿਜ)**

ਜੇ ਕੰਪਨੀ ਅਤੇ ਕਾਰਡ ਮੈਂਬਰ ਵੱਲੋਂ ਸੇਵਾਵਾਂ ਦਾ ਲਾਭ ਉਠਾਇਆ ਗਿਆ ਹੈ ਤਾਂ ਕੰਪਨੀ ਅਤੇ ਕਾਰਡ ਅਤੇ ਕਾਰਡ ਮੈਂਬਰ ਅਜਿਹੇ ਨਿਯਮਾਂ ਅਤੇ ਸ਼ਰਤਾਂ ਮੁਤਾਬਕ ਸੇਵਾਵਾਂ ਦੀ ਵਰਤੋਂ ਕਰਨਗੇ ਜਿਹਨਾਂ ਬਾਰੇਸਮੇਂ ਸਮੇਂ 'ਤੇ ICICI ਬੈਂਕ ਵੱਲੋਂ ਸੂਚਤ ਕੀਤਾ ਜਾ ਸਕਦਾ ਹੈ। ਕੰਪਨੀ ਯਕੀਨੀ ਬਣਾਏਗੀ ਕਿ ਸੇਵਾਵਾਂ ਦੀ ਪਹੁੰਚ ਕਰ ਰਹੇ ਕਾਰਡ ਮੈਂਬਰ (ਮੈਂਬਰਾਂ) ਨੂੰ, ਸਾਰੇ ਲਾਗੂ ਹੁੰਦੇ ਕਾਨੂੰਨਾਂ ਦੇ ਮੁਤਾਬਕ, ਨੋਟਿਸ ਮਿਲ ਗਿਆ ਹੈ, ਕਿ ਉਹਨਾਂ ਨਾਲ ਸੰਬੰਧਤ ਕੁਝ ਡਾਟਾ,ਵਧੇ ਹੋਏ ਡਾਟੇ ਸਮੇਤ, ਕੰਪਨੀ ਵੱਲੋਂ ਵਰਤਿਆ ਜਾ ਰਿਹਾ ਹੈ। ਕੰਪਨੀ ਅਤੇ ਕਾਰਡ ਮੈਂਬਰ ਰਿਪੋਰਟਾਂ ਦੇ ਪ੍ਰਸਾਰ ਲਈ ਡਾਊਨਲੋਡ ਕੀਤੇ ਕਿਸੇ ਡਾਟੇ, ਫ਼ਾਇਲ ਦੇ ਸਾਰ, ਅਤੇ ਸੇਵਾਵਾਂ ਤੋਂ ਕਿਸੇ ਉਦੇਸ਼ ਲਈ ਡਾਊਨਲੋਡ ਕੀਤੇ ਕਿਸੇ ਹੋਰ ਡਾਟੇ ਲਈ ਇਕੱਲਿਆਂ ਹੀ ਜ਼ਿੰਮੇਵਾਰ ਹੋਣਗੇ।

ਕੰਪਨੀ ਅਤੇ ਕਾਰਡ ਮੈਂਬਰ ICICI ਬੈਂਕ ਨੂੰ ਸੇਵਾਵਾਂ ਦੀ ਵਰਤੋਂ ਤੋਂ ਪੈਦਾ ਹੋਣ ਵਾਲੇ ਸਾਰੇ ਦਾਅਵਿਆਂਅਤੇ ਜ਼ਿੰਮੇਵਾਰੀਆਂ ਵਿਰੁੱਧ ਨੁਕਸਾਨਰਹਿਤ ਠਹਿਰਾਉਂਦੇ ਹਨ। ਇਸ ਧਾਰਾ ਦੇ ਉਦੇਸ਼ ਲਈ, ਦਾਅਵੇ ਵਿੱਚ ਨਿੱਜੀ ਸੱਟ-ਫੇਟ, ਜਾਇਦਾਦ ਦੀ ਹਾਨੀ, ਨੁਕਸਾਨ (ਨੁਕਸਾਨੇਗਏਜਾਂ ਬੱਚਤਾਂ, ਅਸਿੱਧੇ, ਪਰਿਣਾਮੀ, ਵਿਸ਼ੇਸ਼, ਉਦਾਹਰਣੀ, ਦੰਡਾਤਮਕ, ਜਾਂ ਇਤਫ਼ਾਕੀਆ ਸਮੇਤ), ਹਰਜਾਨੇ, ਜੁਰਮਾਨੇ, ਮੁਕੱਦਮੇ, ਖ਼ਰਚੇ, ਅਤੇ ਲਾਗਤਾਂ (ਅਟਾਰਨੀ ਦੀ ਫ਼ੀਸ ਸਮੇਤ) (''ਦਾਅਵਾ'') ਸ਼ਾਮਲ ਹਨ। ਜ਼ਿੰਮੇਵਾਰੀ ਤੋਂ ਭਾਵ, ਕਾਨੂੰਨ ਮੁਤਾਬਕ ਜਾਂ ਈਕੁਇਟੀ ਮੁਤਾਬਕ, ਕਿਸੇ ਸਿਧਾਂਤ ਜਾਂ ਕਾਰਵਾਈ ਦੇ ਕਿਸੇ ਰੂਪ, ਤਰਿਤ ਕੋਈ ਜ਼ਿੰਮੇਵਾਰੀ, ਜਿਸ ਵਿੱਚ ਅਣਗਹਿਲਾ ਸਮੇਤ ਸੀਮਾਬੱਧਤਾ, ਇਕਰਾਰਨਾਮਾ ਜਾਂ ਅਪਕਾਰ, ਸ਼ਾਮਲ ਹਨ, ਭਾਵੇਂ ਜੇ ਜ਼ਿੰਮੇਵਾਰ ਧਿਰ ਨੂੰ ਅਜਿਹੇ ਨੁਕਸਾਨਾਂ ਦੀ ਸੰਭਾਵਨਾ ਬਾਰੇ ਸੂਚਿਤ ਕੀਤਾ ਗਿਆ ਹੋਵੇ ਜਾਂ ਨਾ ਕੀਤਾ ਗਿਆ ਹੋਵੇ, ਅਤੇ ਇਸ ਵਿੱਚ ਹੋਰਨਾਂ ਦੇ ਬੋਧਿਕ ਜਾਇਦਾਦ ਅਧਿਕਾਰਾਂ ਦੀ ਉਲੰਘਣਾ ਲਈ ਜ਼ਿੰਮੇਵਾਰੀ ਜਾਂ ਤੀਜੀਆਂ ਧਿਰਾਂ ਦੇ ਦਾਅਵਿਅਕਾਂ ਲਈ ਕੋਈ ਜ਼ਿਮੇਵਾਰੀ (''ਜ਼ਿਮੇਵਾਰੀ'') ਵੀ ਸ਼ਾਮਲ ਹਨ। ਅਜਿਹੀਆਂ ਸੇਵਾਵਾਂ ਦੀ ਕੰਪਨੀ ਅਤੇ ਕਾਰਡ ਮੈਂਬਰ ਵੱਲੋਂ ਵਰਤੋਂ, ਹਮੇਸ਼ਾ, ਸਮੇਂ-ਸਮੇਂ 'ਤੇ ਸੋਧ ਜਾ ਸਕਣ ਉਠਾਲੇ, ਵੀਜ਼ਾਂ ਇੰਟਰਨੈਸ਼ਨਲ ਆਧਾਰੇਟਿੰਗ ਰੈਗੂਲੇਸ਼ਨਜ਼ (Visa International Operating Regulations) ਦੇ ਮਾਤਹਿਤ ਹੋਵੇਗੀ।

ਜਿਥੇ ਕਾਰਡ ਮੈਂਬਰ ਅਤੇ ਕੰਪਨੀ ਸਾਂਝੇ ਤੌਰ 'ਤੇ ਜ਼ਿਮੇਵਾਰ ਹਨ, ਉਥੇ ਹਰੇਕ ਕਾਰਡ ਮੈਂਬਰ ਅਤੇ ਕੰਪਨੀ ਕਾਰਡ ਮੈਂਬਰ ਨੂੰ ਜਾਰੀ ਕੀਤੇ ਗਏ ਕਾਰਡ ਦੀ ਵਰਤੋਂ ਦੇ ਸਿੱਟੇ ਵਜੋਂ ਕਾਰਡ ਅਕਾਊਂਟ 'ਤੇ ਪਏ ਸਾਰੇ ਖ਼ਰਚਿਆਂ ਸਾਂਝ ਤੌਰ 'ਤੇ ਅਤੇ ਅਲੱਗ-ਅਲੱਗ ਜ਼ਿੰਮੇਵਾਰ ਹੁੰਦੇ ਹਨ।

ICICI ਬੈਂਕ ਕੰਪਨੀ ਨੂੰ, ਕਾਰਡ ਅਕਾਊਂਟ 'ਤੇ ਕਾਰਡ (ਕਾਰਡਾਂ) ਦੀ ਵਰਤੋਂ ਰਾਹੀਂ ਕੀਤੇ ਗਏ ਸਾਰੇ ਖ਼ਰਚਿਆਂ ਦੀ ਇੱਕ ਸਟੇਟਮੈਂਟ ਭੇਜੇਗਾ। ਹਾਲਾਂਕਿ, ਜੇ ਕੰਪਨੀ ਨੇ ਅਜਿਹਾ ਨਿਰਦੇਸ਼ ਦਿੱਤਾ ਹੈ, ਤਾਂ ICICI ਬੈਂਕ ਹਰੇਕ ਕਾਰਡ ਮੈਂਬਰ ਨੂੰ ਇੱਕ ਸਟੇਟਮੈਂਟ ਭੇਜੇਗਾ। ਸਾਰੀਆਂ ਅਜਿਹੀਆਂ ਸਟੇਟਮੈਂਟਾਂ ਕਾਰਡ ਮੈਂਬਰ 'ਤੇ ਲਾਗੂ ਹੁੰਦੀਆਂ ਦੇ ਮੁਤਾਬਕ ਜ਼ਰੂਰ ਨਿਪਟਾਈਆਂ ਜਾਣ।

ਕਾਰਡ ਅਕਾਊਂਟ 'ਤੇ ਸਾਰੇ ਖ਼ਰਚਿਆਂ ਲਈ ਕੰਪਨੀ ਦੀ ਜ਼ਿੰਮੇਵਾਰੀ ਕਾਰਡ ਮੈਂਬਰ ਨੂੰ ਸਟੇਟਮੈਂਟ ਭੇਜੇ ਜਾਣ ਨਾਲ ਕਿਸੇ ਵੀ ਤਰ੍ਹਾਂ ਪ੍ਰਭਾਵਤ ਨਹੀਂ ਹੋਵੇਗੀ, ਭਾਵੇ ਇਹ ਇਸ ਦੀਆਂ ਹਦਾਇਤਾਂ ਦੇ ਮੁਤਾਬਕ ਹੋਵੇ ਜਾਂ ਨਾ ਹੋਵੇ। ਕੰਪਨੀ ICICI ਬੈਂਕ ਨੂੰ ਚਿੱਠੀ ਪੱਤਰ ਲਈ ਇਸਦੇ ਬਿਲਿੰਗ ਪਤੇ, ਸੰਪਰਕ ਨੰਬਰ ਅਤੇ ਈ-ਮੇਲ ਆਈਡੀ ਵਿੱਚ ਕਿਸੇ ਤਰ੍ਹਾਂ ਦੀ ਤਬਦੀਲੀ ਬਾਰੇ ਤੁਰੰਤ ਸੂਚਤ ਕਰਨ ਲਈ ਸਹਿਮਤੀ ਜਤਾਉਂਦੀ ਹੈ।

**ਕਾਰਡ ਨੂੰ ਮਨਮੁਖ ਕਰਨਾ ਜਾਂ ਰੋਕ ਲਗਾਉਣਾ**

ICICI ਬੈਂਕ ਆਪਣੇ ਇੱਕਮਾਤਰ ਇਖਤਿਆਰ ਨਾਲ, ਕਿਸੇ ਕਾਰਨ ਤੋਂ ਜਾਂ ਕਿਸੇ ਕਾਰਨ ਤੋਂ ਬਿਨਾ ਅਤੇ ਇਸ ਦੇ ਵੱਲੋਂ ਕਿਸੇ ਜ਼ਿੰਮੇਵਾਰੀ ਤੋਂ ਬਿਨਾ ਕਾਰਡ ਅਕਾਊਂਟ ਜਾਂ ਕਿਸੇ ਕਾਰਡ (ਕਾਰਡ) ਨੂੰ ਮਨਮੁਖ ਕਰ ਸਕਦਾ ਹੈ। ਜੇ ICICI ਬੈਂਕ ਕਿਸੇ ਕਾਰਡ ਮੈਬੰਰ ਦੇ ਕਾਰਡ ਨੂੰ ਹੱਦ ਕਰਦਾ ਹੈ ਜਾਂ ਕੰਪਨੀ ਦੀ ਬੇਨਤੀ 'ਤੇ ਇਸ ਨੂੰ ਹੱਦ ਕਰਦਾ ਹੈ, ਤਾਂ ICICI ਬੈਂਕ ਇਸਦੀ ਕੰਪਨੀ ਨੂੰ ਸੂਚਤ ਕਰੇਗਾ ਅਤੇ ਕੰਪਨੀ ਕਾਰਡ ਮੈਂਬਰ ਨੂੰ ਮਨਸੂਬ ਕੀਤੇ ਜਾਣ/ਰੱਦ ਕੀਤੇ ਜਾਣ, ਇਹ ਯਕੀਨੀ ਬਣਾਉਣ ਲਈ ਕਿ ਹੋਲੋਗ੍ਰਾਮ ਅਤੇ ਚੁੰਬਕੀ ਪੱਟੀ ਨਸ਼ਟ ਹੋ ਗਏ ਹਨ ਹਰੇਕ ਕਾਰਡ ਨੂੰ ਚਾਰਟੁਕੜਿਆਂ ਵਿੱਚ ਕੱਟੇ ਜਾਣ, ICICI ਬੈਂਕ ਨੂੰ ਸੌਂਪੇ ਜਾਣ ਲਈ ਤੁਰੰਤ ਆਪਣੇ ਬਿਹਤਰੀਨ ਜਤਨਾਂ ਦੀ ਵਰਤੋਂ ਕਰੇਗੀ। ਕੰਪਨੀ ਅਤੇ/ਜਾਂ ਕਾਰਡ ਮੈਂਬਰ ਆਈਸੀਆਈਸੀਆਈ ਬੈਂਕ ਲਿਮਿਟੇਡ, ਆਈਸੀਆਈਸੀਆਈ ਬੈਂਕ ਫ਼ੋਨ ਬੈਂਕਿੰਗ ਸੈਂਟਰ, ਪੀ.ਓ, ਬਾਕਸ ਨੂੰ 20 ਬਨਜਾਰਾ ਹਿੱਲਸ ਪੀ.ਓ., ਹੈਦਰਾਬਾਦ-500034, ਭਾਰਤ ਵਿਖੇ ਆਈਸੀਆਈਸੀਆਈ ਬੈਂਕ ਨੂੰ 45 (ਪੰਜਤਾਲੀ) ਦਿਨਾਂ ਦਾ ਪੂਰਵ-ਲਿਖਤੀ ਨੋਟਿਸ ਦੇ ਕੇ, ਕਿਸੇ ਵੀ ਕਾਰਡ ਮੈਂਬਰ ਨੂੰ ਇਸ਼ੂ ਕੀਤੇ ਗਏ ਕਾਰਨ ਨੂੰ ਬਿਨਾ ਕਿਸੇ ਕਾਰਡ ਤੇ ਜਾਂ ਕਾਰਨ ਨਾਲ, ਕਿਸੇ ਵੀ ਸਮੇਂ ਹੱਦ ਕਰਨ ਲਈ ਦਰਖ਼ਾਸਤ ਕਰ ਸਕਦਾ ਹੈ।

ਕੰਪਨੀ ਕਾਰਡ ਮਨਸੂਖ/ਹੱਦ ਕਰ ਦਿੱਤੇ ਜਾਣ ਤੋਂ ਬਾਅਦ ਕਾਰਡ 'ਤੇ ਪਾਏ ਗਏ ਸਾਰੇ ਖ਼ਰਚਿਆਂ ਅਤੇ ਅਗਲੇ ਖਰਚਿਆਂ ਲਈ ਉਦੋਂ ਤੱਕ ਜ਼ਿੰਮੇਵਾਰ ਰਹੇਗੀ, ਜਦੋਂ ਤੱਕ ਕਾਰਡ ਨੂੰ ਇਸ ਵਿੱਚ ਉੱਪਰ ਦੱਸੇ ਗਏ ਢੰਗ ਮੁਤਾਬਕ ICICI ਬੈਂਕ ਨੂੰ ਵਾਪਸ ਨਹੀਂ ਕਰ ਦਿੱਤਾ ਜਾਂਦਾ। ਕੰਪਨੀ ICICI ਬੈਂਕ ਨੂੰ ਕਨੂੰਨੀ ਜ਼ਿੰਮੇਵਾਰੀ ਤੋਂ ਮੁਕਤੇ ਕਰੇਗੀ ਤੋਂ ਮੁਕਤੇ ਕਰੇਗੀ ਅਤੇ ਕਿਸੇ ਕਾਰਡ ਨੂੰ ਨਕਾਰਨ (ਨਾਜਾਇਜ਼ ਜਾਂ ਓਦਾਂ) ਲਈ, ਕਿਸੇ/ਸਾਰੇ ਨੁਕਸਾਨਾਂ ਲਈ ICICI ਬੈਂਕ ਨੂੰ ਨੁਕਸਾਨਰਹਿਤ ਠਹਿਰਾਏਗੀ। ਕੰਪਨੀ ਵੱਲੋਂ ਕਿਸੇ ਕਾਰਡ ਨੂੰ ਹੱਦ ਕਰਨ ਲਈ ਰੁਜ਼ਗਾਰ ਖਾਤਮੇ ਦੀ ਹਿਦਾਇਤ ਦੀ ਕੋਈ ਸੂਚਨਾ ਵੈਧ ਸਮਝੀ ਜਾਏਗੀ ਬਸ਼ਰਤੇਸਵੀਕ੍ਰਿਤੀ ਦੇ ਉਲਟ ਲਿਖਤੀ ਰੂਪ ਵਿੱਚ ਦਿੱਤਾ ਗਿਆ ਹੋਵੇ।

**ਜਾਣਕਾਰੀ ਤੱਕ ਪਹੁੰਚ**

ਕੰਪਨੀ ICICI ਬੈਂਕ ਵੱਲੋਂ, ਕਿਸੇ ਕਾਰਡ ਮੈਂਬਰ ਦੇ ਪਤੇ, ਥਾਂ–ਟਿਕਾਣੇ ਜਾਂ ਰੁਜ਼ਗਾਰ ਜਾਣਕਾਰੀ, ਜਾਂ ਅਜਿਹੇ ਕਾਰਡ ਮੈਂਬਰ ਵੱਲੋਂ ਕਾਰਡ ਦੀ ਵਰਤੋਂ ਦੇ ਸਬੰਧ ਵਿੱਚ ਜਾਇਜ਼ ਰੂਪ ਵਿੱਚ ਮੰਗੀ ਗਈ ਕੋਈ ਵੀ ਜਾਣਕਾਰੀ, ICICI ਬੈਂਕ ਨੂੰ ਮੁਹੱਈਆ ਕਰੇਗੀ, ਅਤੇ ਕੰਪਨੀ ਬੇਨਤੀ ਕੀਤੇ ਜਾਣ 'ਤੇ ICICI ਬੈਂਕ ਨੂੰ ਅਜਿਹੀ ਵਰਤੋਂ ਨਾਲ ਸਬੰਧਤ ਕੋਈ ਉਪਲਬਧ ਦਸਤਾਵੇਜ਼ ਜਾਂ ਸਹਾਇਤਾ ਵੀ ਸਪਲਾਈ ਕਰੇਗੀ। ਕੰਪਨੀ ਕਿਸੇ ਕਾਰਡ ਦੀ ਵਰਤੋਂ ਦੇ ਸਬੰਧ ਵਿੱਚ ਕਿਸੇ ਤਫ਼ਤੀਸ਼ ਝਗੜਿਆਂ, ਮੁਕੱਦਮੇਬਾਜ਼ੀ, ਜਾਂ ਪੈਰਵੀ ਮੁਕੱਦਮੇ ਬਾਰੇ ਵੀ ICICI ਬੈਂਕ ਨੂੰ ਸਹਿਯੋਗ ਦੇਵੇਗੀ।

**ਖ਼ਾਤਮਾ**

ICICI ਬੈਂਕ ਅਤੇ ਕੰਪਨੀ ਦੋਵੇਂ ਹੀ ਇਸ ਵਿਵਸਥਾ ਨੂੰ ਕਿਸੇ ਵੀ ਸਮੇਂ ਦੂਜੀ ਧਿਰ ਨੂੰ ਪਹਿਲਾਂ 45 ਦਿਨਾਂ ਦਾ ਲਿਖਤੀ ਨੋਟਿਸ ਦੇ ਕੇ ਖ਼ਤਮ ਕਰ ਸਕਦੇ ਹਨ। ਵਿਵਸਥਾ ਦੇ ਖ਼ਾਤਮੇ ਨਾਲ ਕਾਰਡ ਅਕਾਊਂਟ 'ਤੇ ਸਾਰੇ ਕਾਰਡ ਦਾ ਖ਼ਾਤਮਾ ਕਰ ਦਿੱਤਾ ਜਾਵੇਗਾ। ਕਾਰਡ ਹੱਦ ਕਰ ਦਿੱਤੇ ਜਾਣ ਦੇ ਬਾਵਜੂਦ, ਕੰਪਨੀ ਉਦੋਂ ਤੱਕ ਵਿਵਸਥਾ ਅਤੇ/ਜਾਂ ਕਾਰਡ ਅਕਾਊਂਟ ਦੇ ਖ਼ਤ ਕਰ ਦਿੱਤੇ ਜਾਣ ਤੋਂ ਪਹਿਲਾਂ ਪਏ ਸਾਰੇ ਖ਼ਰਚਿਆਂ ਅਤੇ ਅਗਲੇ ਖ਼ਰਚਿਆਂ ਲਈ ਜ਼ਿੰਮੇਵਾਰ ਰਹੇਗੀ, ਜਦੋਂ ਤੱਕ ਕਾਰਡ ਅਕਾਊਂਟ ਵਿੱਚ ਜਾਰੀ ਹੋਵੇ ਹੱਦ ਕੀਤੇ ਗਏ ਕਾਰਡ ਇਸ ਵਿੱਚ ਉੱਪਰ ਦੱਸੇ ਗਏ ਮੁਤਾਬਕ ICICI ਬੈਂਕ ਨੂੰ ਵਾਪਸ ਨਹੀਂ ਕਰ ਦਿੱਤੇ ਜਾਂਦੇ।

ਸਪਲੀਮੈਂਟਰੀ ਕਾਰਡਾਂ, ਬੈਲੈਂਸ ਟ੍ਰਾਂਸਫ਼ਰ ਸਹੂਲਤ, iAssure ਸੇਵਾ ਅਤੇ ਮਰਚੈਂਟ ਬੇਸਡ ਐਸਟੈਬਲਿਸ਼ਮੈਂਟ ਇੰਸਟਾਲਮੈਂਟ ਪ੍ਰੋਗਰਾਮ ਕਾਰਪੋਰੇਟ ਕ੍ਰੈਡਿਟ ਕਾਰਡਾਂ 'ਤੇ ਲਾਗੂ ਨਹੀਂ ਹੋਣਗੇ।

ICICI ਬੈਂਕ ਈਜ਼ੀ ਡਿਪਾਜ਼ਿਟ ਕਾਰਡ ਇੱਕ ਕ੍ਰੈਡਿਟ ਕਾਰਡ ਹੈ ਜਿਸ ਨੂੰ ICICI ਬੈਂਕ ਦੁਆਰਾ ICICI ਬੈਂਕ ਵਿੱਚ ਰੱਖੇ ਇੱਕ ਕਾਰਡ ਹੋਲਡਰ ਦੇ ਫ਼ਿਕਸਡ ਡਿਪਾਜ਼ਿਟ ਦੇਬਲੇ ਇਸ਼ੂ ਕੀਤਾ ਜਾਂਦਾ ਹੈ। (ਹੁਣ ਤੋਂ ਬਾਅਦ ਇਸ ਨੂੰ ''ਈਜ਼ੀ ਡਿਪਾਜ਼ਿਟ ਕਾਰਡ'' ਕਿਹਾ ਜਾਏਗਾ)

ਈਜ਼ੀ ਡਿਪਾਜ਼ਿਟ ਕਾਰਡ ਲੈਣ ਲਈ, ਅਵੇਦਕ ਨੂੰ ICICI ਬੈਂਕ ਵਿੱਚ ਘੱਟੋਘੱਟ ਰੁ 10,000/- ਦਾ ਫ਼ਿਕਸਡ ਡਿਪਾਜ਼ਿਟ ਰੱਖਣਾ ਪਏਗਾ।

ਈਜ਼ੀ ਡਿਪਾਜ਼ਿਟ ਕਾਰਡ ਲੈਣ ਲਈ ਫ਼ਿਕਸਡ ਡਿਪਾਜ਼ਿਟ ਖੋਲ੍ਹਣ ਹਿੱਤ ਆਵੇਦਕ ਇੱਕ ਨਿਰਧਾਰਿਤ ਅਰਜ਼ੀ ਫ਼ਾਰਮ ਭਰ ਕੇ ਜਾਂ ਸਮੇਂ ਸਮੇਂ ICICI ਬੈਂਕ ਦੁਆਰਾ ਨਿਰਧਾਰਿਤ ਤਰੀਕਾ ਅਪਣਾ ਕੇ, ਆਵੇਦਨ ਕਰ ਸਕਦਾ ਹੈ, ਪਰ ਇਹਨਾਂ ਸਵੀਕ੍ਰਿਤ ਤਰੀਕਿਆਂ ਵਿੱਚ ਫ਼ੋਨ ਬੈਂਕਿੰਗ, ਮੋਬਾਈਲ ਬੈਂਕਿੰਗ ਅਤੇ/ਜਾਂ ਇੰਟਰਨੈਂਟ ਬੈਂਕਿੰਗ ਚੈਨਲ ਸ਼ਾਮਲ ਨਹੀਂ ਹੋਣਗੇ। ਇਸ ਤਰ੍ਹਾਂ ਖਲੋ, ਗਏ ਫ਼ਿਕਸਡ ਡਿਪਾਜ਼ਿਟ ਸਾਲਾਨਾ ਆਧਾਰ 'ਤੇ ਰੀਨਿਊ ਕੀਤੇ ਜਾਣਗੇ ਅਤੇ ਇਹਨਾਂ ਨਿਯਮਾਂ ਅਤੇ ਸ਼ਰਤਾਂ ਤੋਂ ਅਤਿਰਿਕਤ www.icicibank.com 'ਤੇ ਉਪਲਬਧ ਫ਼ਿਕਸਡ ਡਿਪਾਜ਼ਿਟ ਨਾਲ ਸੰਬੰਧਿਤ ਨਿਯਮ ਅਤੇ ਸ਼ਰਤਾਂ ਵੀ ਲਾਗੂ ਹੋਣਗੀਆਂ।

ਈਜ਼ੀ ਡਿਪਾਜ਼ਿਟ ਕਾਰਡ ਉੱਤੇ ਕ੍ਰੈਡਿਟ ਲਿਮਿਟ ਫ਼ਿਕਸਡ ਡਿਪਾਜ਼ਿਟ ਦੀ ਚਰਮ ਦਾ ਨੱਬੇ ਫ਼ੀ ਸਦੀ (90%) ਹੋਏਗੀ ਅਤੇ ਅਧਿਕਾਰਤਮ ਰੁ 3 ਲੱਖ। ਉਪਰੋਕਤ ਦਰਸਾਈ ਸੀਮਾ ਸਮੇਂ ਸਮੇਂ, ICICI ਬੈਂਕ ਦੀ ਇਕਹਿਰੀ ਮਰਜ਼ੀ ਨਾਲ ਬਦਲੀ ਜਾ ਸਕਦੀ ਹੈ।

ਈਜ਼ੀ ਡਿਪਾਜ਼ਿਟ ਕਾਰਡ ਇਸ਼ੂ ਕੀਤੇ ਜਾਣ 'ਤੇ, ICICI ਬੈਂਕ ਕਾਰਡ ਹੋਲਡਰ ਦੁਆਰਾ ਜਮ੍ਹਾ ਕਰਾਈ ਪੂਰੀ ਫ਼ਿਕਸਡ ਡਿਪਾਜ਼ਿਟ ਚਰਮ 'ਤੇ ਇੱਕ ਲੀਯਨ ਦਾ ਨਿਸ਼ਾਨ ਲਗਾ ਦੇਵੇਗਾ, ਜਿਸ ਵਿੱਚ ਕਾਰਡ ਹੋਲਡਰ ਦੁਆਰਾ ਕਮਾਇਆ ਵਿਆਜ ਸ਼ਾਮਲ ਨਹੀਂ ਹੋਏਗਾ; ਤੇ ਇਹ ਲੀਯਨ ਈਜ਼ੀ ਡਿਪਾਜ਼ਿਟ ਕਾਰਡ ਜਾਂ ਫ਼ਿਕਸਡ ਡਿਪਾਜ਼ਿਟ ਦੀ ਸਮਾਪਤੀ ਤਕ, ਜੋ ਵੀ ਸਥਿਤੀ ਹੋਵੇ, ਕਾਇਮ ਰਹੇਗਾ।

ਜੇ ਆਵੇਦਕ ਦਾ ICICI ਬੈਂਕ ਵਿੱਚ ਇੱਕ ਫ਼ਿਕਸਡ ਡਿਪਾਜ਼ਿਟ ਅਕਾਊਂਟ ਨਾਲ ਜੋੜ ਦਿੱਤਾ ਜਾਏਗਾ ਅਤੇ ਫ਼ੋਰਨ ਪ੍ਰਭਾਵੀ ਰੂਪ ਵਿੱਚ ਫ਼ਿਕਸਡ ਡਿਪਾਜ਼ਿਟ ਨੂੰ ਆਟੋ–ਰੀਨਿਊਅਲ ਮੋਡ ਵਿੱਚ ਤਬਦੀਲ ਕਰ ਦਿੱਤਾ ਜਾਏਗਾ ਅਤੇ ਇਸ ਫ਼ਿਕਸਡ ਡਿਪਾਜ਼ਿਟ ਚਰਮ ਉੱਤੇ ਵਰਤਮਾਨ ਵਿਆਜ ਦਰ ਲਾਗੂ ਹੋਏਗੀ।

ਕਾਰਡ ਹੋਲਡਰ ਨੂੰ ਕਾਰਡ ਅਕਾਊਂਟ ਨਾਲ ਜੁੜੇ ਫ਼ਿਕਸਡ ਡਿਪਾਜ਼ਿਟ ਵਿੱਚੋਂ ਕੋਈ ਪੈਸਾ ਕਢਾਉਣ ਦਾ ਅਧਿਕਾਰ ਨਹੀਂ ਹੋਏਗਾ।

ICICI ਬੈਂਕ ਦੇ ਈਜ਼ੀ ਡਿਪਾਜ਼ਿਟ ਕਾਰਡ ਦਾ ਲਾਭ ਪਾਉਣ ਲਈ ਖੋਲ੍ਹੇ ਗਏ ਫ਼ਿਕਸਡ ਡਿਪਾਜ਼ਿਟ ਦੀ ਅਵਧੀ ਘੱਟੋਘੱਟ ਇੱਕ ਸਾਲ ਹੋਏਗੀ, ਤੇ ਇਸ ਤੋਂ ਬਾਅਦ ਫ਼ਿਕਸਡ ਡਿਪਾਜ਼ਿਟ ਤਦ ਤਕ ਆਟੋ–ਰੀਨਿਊਅਲ ਮੋਡ 'ਤੇ ਬਣਿਆ ਰਹੇਗਾ ਜਦ ਤਕ ਕਿ ਸਮਾਪਤ ਜਾਂ ਰੱਦ ਨਾ

ਕੀਤਾ ਜਾਏ ।

ਐਚਯੂਐਫ਼, ਭਾਈਵਾਲੀ ਕੰਪਨੀਆਂ ਦੁਆਰਾ ਖੋਲੋ ਗਏ ਫ਼ਿਕਸਡ ਅਕਾਊਂਟਾਂ 'ਤੇ ਈਜ਼ੀ ਡਿਪਾਜ਼ਿਟ ਕਾਰਡ ਲੈਣ ਦੀ ਪਾਤਰਤਾ ਨਹੀਂ ਹੋਏਗੀ ।

ਜੇ ਆਵੇਦਕ ਕਿਸੇ ਹੋਰ ਵਿਅਕਤੀ ਨਾਲ ਸਾਂਝੇ ਰੂਪ ਵਿੱਚ ਇੱਕ ਫ਼ਿਕਸਡ ਡਿਪਾਜ਼ਿਟ ਖੋਲ੍ਹਦਾ ਹੈ, ਤਾਂ ਆਵੇਦਨ ਫ਼ਾਰਮ ਵਿੱਚ ਦਿੱਤੇ ਗਏ ਵੇਰਵੇ ਅਨੁਸਾਰ, ਈਜ਼ੀ ਡਿਪਾਜ਼ਿਟ ਕਾਰਡ ਪ੍ਰਥਮ ਅਕਾਊਂਟ ਹੋਲਡਰ ਦੇ ਨਾਂ ਵਿੱਚ ਹੀ ਇਸ਼ੂ ਕੀਤਾ ਜਾਏਗਾ । ਆਵੇਦਕ ਨੂੰ ਇਹ ਅਧਿਕਾਰ ਹੋਏਗਾ ਕਿ ਉਹ ਆਪਣੇ ਖੋਲ੍ਹੇ ਫ਼ਿਕਸਡ ਅਕਾਊਂਟ ਲਈ ਕਿਸੇ ਵਿਅਕਤੀ ਨੂੰ ਨਾਮਜ਼ਦ ਕਰ ਸਕੇ ।

ਜੇ ਕਾਰਡ ਹੋਲਡਰ ਫ਼ਿਕਸਡ ਡਿਪਾਜ਼ਿਟ ਰਕਤ ਨੂੰ ਵਿਦਡਰਾਅ/ਸਮਾਪਤ ਕਰਨਾ ਚਾਹੁੰਦਾ ਹੈ, ਜਾਂ ਜੇ ਆਈਸੀਆਈਸੀਆਈ ਬੈਂਕ ਦੁਆਰਾ ਈਜ਼ੀ ਡਿਪਾਜ਼ਿਟ ਕਾਰਡ ਰੱਦ ਕਰ ਦਿੱਤਾ ਜਾਂਦਾ ਹੈ, ਜਾਂ ਜੇ ਕਾਰਡਹੋਲਡਰ ਦੀ ਮੌਤ 'ਤੇ ਫ਼ਿਕਸਡ ਡਿਪਾਜ਼ਿਟ ਸਮਾਪਤ ਹੋ ਜਾਂਦਾ ਹੈ, ਤਾਂ ਕਾਰਡਹੋਲਡਰ/ਨਾਮਜ਼ਦ ਵਿਅਕਤੀ ਫ਼ਿਕਸਡ ਡਿਪਾਜ਼ਿਟ ਰਕਮ, ਜਮ੍ਹਾਕਮਾਏ ਹੋਏ ਵਿਆਜ ਦੇ, ਨੂੰ ਵਸੂਲ ਕਰਨ ਦਾ ਪਾਤਰ ਹੋਏਗਾ, ਪਰ ਕਾਰਡਹੋਲਡਰ ਵੱਲੋਂ ਆਈਸੀਆਈਸੀਆਈ ਬੈਂਕ ਨੂੰ ਦੇਣਯੋਗ ਬਾਕੀ ਰਚਮ, ਜਿਸ ਵਿੱਚ ਆਈਸੀਆਈਸੀਆਈ ਬੈਂਕ ਨੂੰ ਦਿੱਤੇ ਜਾਣ ਵਾਲੇ ਕਿਸੇ ਵੀ ਚਾਰਜ਼, ਫ਼ੀਸਾਂ ਆਦਿ ਮਿਲਾਈਆਂ ਜਾਣਗੀਆਂ, ਕੱਟ ਲਈ ਜਾਏਗੀ ।

ਜੇ ਕਾਰਡਹੋਲਡਰ ਈਜ਼ੀ ਡਿਪਾਜ਼ਿਟ ਕਾਰਡ 'ਤੇ ਬਕਾਇਆ ਰਕਮ ਸਟੇਟਮੈਂਟ ਤੋਂ 90 ਦਿਨਾਂ ਦੇ ਅੰਦਰ ਅਦਾ ਨਾ ਕਰੇ, ਤਾਂ ਆਈਸੀਆਈਸੀਆਈ ਬੈਂਕ ਕੋਲ ਇਹ ਅਧਿਕਾਰ ਹੋਏਗਾ ਕਿ ਪੂਰੀ ਫ਼ਿਕਸਡ ਡਿਪਾਜ਼ਿਟ ਰਕਮ ਨੂੰ ਤਰਲ ਬਣਾ ਦੇਵੇ ਅਤੇ ਆਈਸੀਆਈਸੀਆਈ ਬੈਂਕ ਨੂੰ ਈਜ਼ੀ ਡਿਪਾਜ਼ਿਟ ਕਾਰਡ ਦੇ ਬਦਲੇ ਦੇਣਯੋਗ ਬਾਕੀ ਰਕਮ ਨੂੰ ਫ਼ਿਕਸਡ ਡਿਪਾਜ਼ਿਟ ਰਕਮ ਵਿੱਚੋਂ ਸੈਂਟ ਆਫ਼ ਕਰ ਲਏ । ਫਿਰ ਇਸ ਕਟੌਤੀ ਤੋਂ ਬਾਅਦ ਸਿਰਫ਼ ਬਾਕੀ ਰਹਿੰਦੀ ਰਚਮ ਕਾਰਡ ਹੋਲਡਰ ਨੂੰ ਰੀਫ਼ੰਡ ਕਰ ਦਿੱਤੀ ਜਾਏਗੀ ।

**ICICI ਬੈਂਕ ਲਿਮਿਟਿਡ**

ਰਜਿਸਟਰਡ ਦਫ਼ਤਰ : Landmark, Race Circle, Vododara - 390 007

ਕਾਰਪੋਰੇਟ ਦਫ਼ਤਰ : ICICI Bank Towers, Bandra Kurla Complex, Bandra (East), Mumbai-400 051.

ਕਿਰਪਾ ਕਰਕੇ ਨੋਟ ਕਰੋ ਕਿ ਇਹਨਾਂ ਨਿਯਮਾਂ ਅਤੇ ਸ਼ਰਤਾਂ ਦਾ ਮਜ਼ਗੂਨ ਅੰਗ੍ਰੇਜ਼ੀ ਵਰਸ਼ਟ ਦਾ ਅਨੁਵਾਦ ਹੈ ਅਤੇ ਜੇ ਅੰਗ੍ਰੇਜ਼ੀ ਵਰਸ਼ਨ ਅਤੇ ਵਰਤਅਨ ਪਜਾਬੀ ਵਰਸ਼ਨ ਵਿੱਚ ਕੁਝ ਫ਼ਰਕ ਜਾਂ ਅਸਪਸ਼ਟ ਤਾ ਜਾਪੇ, ਤਾਂ ਅੰਗ੍ਰੇਜ਼ੀ ਵਰਸ਼ਨ ਹੀ ਅੰਤਿਮ ਤੌਰ 'ਤੇ ਸਵੀਕ੍ਰਿਤ ਹੋਏਗੀ । ਹਰ ਹਾਲ ਅਤੇ ਕਿਸੇ ਵਿਵਾਦ ਦੇ ਮਾਮਲੇ ਵਿੱਚ ਅਧਿਕਾਰ ਵਰਸ਼ਨ ਅੰਗ੍ਰੇਜ਼ੀ ਵਰਸ਼ਨ ਹੀ ਹੋਏਗੀ ।